
Akhand Kirtani Jatha (Regd.)
Chandigarh

# ਆਤਮ ਰੰਗ

ੴ


ਜਿਲਦ ੨੩ | ਅਪ੍ਰੈਲ 2022 | ਚੇਤਰ-ਵੈਸਾਖ 554 ਨਾਨਕਸ਼ਾਹੀ | April 2022 | ਅੰਕ 4




ਹਰ ਸਾਲ ਦੀ ਤਰ੍ਹਾਂ ਅਖੰਡ ਕੀਰਤਨੀ ਜੱਥਾ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਸਲਾਨਾ ਕੇਂਦਰੀ ਵੈਸਾਖੀ ਸਮਾਗਮ ਮਿਤੀ 10 ਅਪ੍ਰੈਲ 2022 ਤੋਂ ਲੈ ਕੇ 15 ਅਪ੍ਰੈਲ 2022 ਤਕ ਸ੍ਰੀ ਅੰਮ੍ਰਿਤਸਰ ਜੀ ਦੇ ਵੱਖ-ਵੱਖ ਗੁਰਦੁਆਰਿਆਂ ਵਿੱਚ ਮਨਾਇਆ ਜਾ ਰਿਹਾ ਹੈ। ਰੈਣ ਸਬਾਈ ਕੀਰਤਨ 14 ਅਪ੍ਰੈਲ 2022 ਨੂੰ ਰਾਤ 7.00 ਵਜੇ ਤੋਂ ਲੈ ਕੇ 15 ਅਪ੍ਰੈਲ ਸਵੇਰੇ 4.00 ਵਜੇ ਤਕ ਗੁਰਦੁਆਰਾ ਮੰਜੀ ਸਾਹਿਬ ਹਾਲ ਦਰਬਾਰ ਸਾਹਿਬ ਕੰਮਪਲੈਕਸ ਵਿਖੇ ਹੋਣਗੇ।ਸੰਗਤਾਂ ਨੋਟ ਕਰਨ ਤੇ ਦਰਸ਼ਨ ਦਿਦਾਰੇ ਬਖਸ਼ਨ ਜੀ।

# ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(07.07.1878 - 16.04.1961)



ਜੋ ਵੀਹਵੀਂ ਸਦੀ ਦੀ ਇਕ ਅਨੂਪਮ ਸ਼ਖਸੀਅਤ ਸਨ। ਜਿਨ੍ਹਾਂ ਨੂੰ ਪੰਥ ਵੱਲੋਂ 'ਸੋਨੇ ਦੀ ਚਿੜੀ' ਕਹਿ ਕੇ ਸਨਮਾਨਿਆ ਗਿਆ। ਆਪ ਜੀ ਅਤੁੱਟ ਨਾਮ ਅਭਿਆਸੀ, ਗੁਰਬਾਣੀ ਕੀਰਤਨ ਦੇ ਧਨੀ, ਕਥਨੀ ਦੇ ਸੂਰੇ, ਰਹਿਤ ਰਹਿਣੀ ਦੇ ਪੂਰੇ ਅਤੇ ਗੁਰਮਤਿ ਗੁਹਜ ਰਮਜ਼ਾਂ ਦੇ ਅਦੁੱਤੀ ਵਿਆਖਿਆਕਾਰ ਸਨ। ਆਪ ਜੀ ਆਪਣੇ ਪਿੱਛੇ ਅਗੰਮੀ ਗੁਰਬਾਣੀ ਦੀ ਲਹਿਰ 'ਅਖੰਡ ਕੀਰਤਨੀ ਜੱਥੇ' ਦੇ ਰੂਪ ਵਿੱਚ ਛੱਡ ਗਏ।

ੴ ਠਾਕੁਰ ਗਾਈਐ ਆਤਮ ਰੰਗਿ ੴ

Akhand Kirtani Jatha (Regd.) Chandigarh

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ
ਹਰ ਮਹੀਨੇ ਦੀ ਆਖ਼ਰੀ
ਮਿਤੀ ਨੂੰ
ਡਿਸਪੈਚ ਹੁੰਦਾ ਹੈ।

ਜਿਲਦ ੨੩ ਅਪ੍ਰੈਲ 2022 ਚੇਤਰ-ਵੈਸਾਖ 554 ਨਾਨਕਸ਼ਾਹੀ April 2022 ਅੰਕ 4

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ
**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245
**E-mail :** atamrang3@gmail.com
**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ

**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

## ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *–(ਗੁਰਪੁਰਵਾਸੀ) ਸੋਢੀ ਤੇਜਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਸੰਪਾਦਕ 9
- ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਜੀਵਨ ਬਾਰੇ 10
  *–(ਗੁਰਪੁਰਵਾਸੀ) ਸ. ਹਰਿਭਜਨ ਸਿੰਘ ਖਾਲਸਾ, ਕੁਰਾਲੀ*
- ਅੰਮ੍ਰਿਤ ਛਕਣਾ ਕਿਉਂ ਜਰੂਰੀ ਹੈ ? 12
  *– ਸ. ਕੁਲਦੀਪ ਸਿੰਘ ਜੀ, ਨਵੀਂ ਦਿੱਲੀ*
- ਖਾਲਸਾ ਪੰਥ ਦੀ ਸਾਜਨਾ 14
  *– ਪ੍ਰੋਫੈਸਰ ਗੁਰਬਖਸ਼ ਸਿੰਘ ਜੀ, ਲੁਧਿਆਣਾ*
- ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ 15
  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ 19
  *– ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ*
- ਸਿੱਖ ਪੰਥ ਦੇ ਮੁੱਢ ਵਜੋਂ ਵੈਸਾਖ ਮਹੀਨੇ ਦਾ ਵਿਸਲੇਸ਼ਣ 21
  *– ਡਾ. ਸੁਮਨਪ੍ਰੀਤ ਕੌਰ ਸੈਂਪਲਾ, ਅਸਿਸਟੈਂਟ ਪ੍ਰੋਫੇਸਰ*
- ਤਬ ਖਾਲਸ ਤਾਹਿ ਨਖਾਲਸ ਜਾਨੈ 24
  *– ਪ੍ਰੋ. ਹਰਵਿੰਦਰ ਕੌਰ ਜੀ, ਫਰੀਦਾਬਾਦ*
- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਬਾਰੇ 27
  *– (ਗੁਰਪੁਰਵਾਸੀ) ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ*
- ਗੁਰੂ ਅਮਰਦਾਸ ਜੀ ... 28
  *– ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ*

## *ਸੰਪਾਦਕੀ...*

### ਵੈਸਾਖੀ - ਸਤਿਗੁਰੂ ਪ੍ਰਤਿ ਪੂਰਨ-ਸਮਰਪਣ ਦੀ ਭਾਵਨਾ ਦਾ ਪ੍ਰਤੀਕ

ਖ਼ਾਲਸੇ ਦੀ ਸਿਰਜਨਾ ਸੰਨ 1699 ਦੀ ਵੈਸਾਖੀ ਵਾਲੇ ਦਿਨ ਦਸਵੇਂ ਪਾਤਸ਼ਾਹ ਜੀ ਨੇ ਸੀਸ ਭੇਟ ਦਾ ਕੌਤਕ ਰਚ ਕੇ ਕੀਤੀ ਸੀ। ਸਿਖ-ਜਗਿਆਸੂਆਂ ਨੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ॥' ਦੀ ਸੇਧ ਵਿਚ ਮਾਨੋ ਸਮੁੱਚੀ ਖ਼ਾਲਸਾ ਕੌਮ ਨੇ ਦਸਮੇਸ਼ ਸਤਿਗੁਰੂ ਅੱਗੇ ਸੀਸ ਭੇਟ ਕਰਕੇ ਖੰਡੇ ਕੀ ਪਾਹੁਲ ਪ੍ਰਾਪਤ ਕੀਤੀ ਤੇ ਗੁਰੂ ਕੀਆਂ ਖੁਸ਼ੀਆਂ ਲਈਆਂ। ਸ਼ੀਸ-ਭੇਟ ਦੀ ਗੱਲ ਪ੍ਰੇਮ ਖੇਡ ਖੇਲਣ ਦੇ ਚਾਉ ਵਾਲੇ ਜਗਿਆਸੂਆਂ ਲਈ ਗੁਰੂ ਨਾਨਕ ਪਾਤਸ਼ਾਹ ਨੇ ਸ਼ੁਰੂ ਕੀਤੀ ਸੀ -

> ***ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥***
> ***ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*** ***ਅੰਗ - 1412***

ਕਈ ਵਿਆਖਿਆਕਾਰ ਸੀਸ-ਭੇਟ ਨੂੰ ਕੇਵਲ ਆਪਾ ਸਮਰਪਣ ਦੇ ਸੰਕਲਪ ਤਕ ਹੀ ਸੀਮਿਤ ਸਮਝਦੇ ਹਨ ਪਰ 1699 ਦੀ ਵੈਸਾਖੀ ਨੇ ਸੀਸ-ਭੇਟ ਦਾ ਇਕ ਅਲੌਕਿਕ ਦ੍ਰਿਸ਼ ਅਮਲੀ ਤੌਰ 'ਤੇ ਕੀਤਾ। ਕਿਵੇਂ ਦਸਵੇਂ ਪਾਤਸ਼ਾਹ ਜੀ ਨੇ ਬੜੇ ਜਲਾਲ ਵਿਚ ਆ ਕੇ ਸਿਰੀ ਸਾਹਿਬ ਮਿਆਨ ਵਿਚੋਂ ਧੂਅ ਕੇ, ਸ੍ਰੀ ਅਨੰਦਪੁਰ ਸਾਹਿਬ ਵਿਖੇ ਜੁੜੀ ਸੰਗਤਿ ਤੋਂ ਸੱਚ-ਮੁੱਚ ਸੀਸ ਭੇਟ ਦੀ ਮੰਗ ਕੀਤੀ। ਧੰਨ ਹਨ ਉਹ ਪੰਜ ਗੁਰੂ ਕੇ ਲਾਲ ਜਿਨ੍ਹਾਂ ਨੇ ਵਾਰੀ ਵਾਰੀ ਅੱਗੇ ਵਧ ਕੇ ਸੀਸ ਭੇਟ ਕੀਤੇ। ਉੱਥੇ ਭਾਵੇਂ ਹੋਰ ਅਨੇਕਾਂ ਗੁਰੂ ਕੇ ਪਿਆਰੇ ਸੀਸ ਭੇਟ ਕਰਨ ਲਈ ਤਿਆਰ ਸਨ, ਪਰ ਮਹਾਰਾਜ ਨੇ ਪੰਜਾਂ ਤੋਂ ਮਗਰੋਂ ਸੀਸ ਭੇਟ ਦੀ ਮੰਗ ਹੀ ਨਹੀਂ ਸੀ ਕੀਤੀ। ਅਨੇਕਾਂ ਦੇ ਸੀਸ ਭੇਟ ਦੇ ਅਰਮਾਨ ਅੰਦਰ ਦੇ ਅੰਦਰ ਹੀ ਰਹਿ ਗਏ। ਬਾਕੀ ਜਿਹੜੇ ਸਿੱਖ ਆਪਣੇ ਸੀਸ ਗੁਰੂ ਤੋਂ ਵਾਰਨ ਦੇ ਚਾਹਵਾਨ ਸਨ, ਉਹਨਾਂ ਨੂੰ ਭੀ ਸਤਿਗੁਰਾਂ ਨੇ ਨਿਰਾਸ਼ ਨਹੀਂ ਸੀ ਕੀਤਾ, ਸਗੋਂ ਉਹਨਾਂ ਲਈ ਇਹ ਹੁਕਮ ਕੀਤਾ, 'ਤਿਆਰ ਰਹਿਣਾ, ਤੁਹਾਨੂੰ ਵੀ ਸੀਸ ਭੇਟ ਕਰਨ ਦਾ ਮੌਕਾ ਜ਼ਰੂਰ ਦਿੱਤਾ ਜਾਏਗਾ।" ਅਤੇ ਇਹ ਪੇਸ਼ੀਨਗੋਈ ਅਗਲੇਰੀਆਂ ਸਦੀਆਂ ਵਿਚ ਸਾਮਰਤਖ ਹੋਈ।

ਸੰਨ 1699 ਤੋਂ ਮਗਰੋਂ ਖ਼ਾਲਸਾ ਪੰਥ ਵੱਲੋਂ ਜਿੰਨੀਆਂ ਸ਼ਹੀਦੀਆਂ ਹੋਈਆਂ ਹਨ ਓਨੀਆਂ ਇਸ ਘਟਨਾਂ ਤੋਂ ਪਹਿਲਾਂ ਨਹੀਂ ਸੀ ਹੋਈਆਂ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਸ਼ਹੀਦੀਆਂ ਨੇ 'ਨਾਨਕ-ਪੰਥ' ਦੀ ਸਮੂਹ ਜਥੇਬੰਦੀ ਅੰਦਰ ਧਰਮ ਲਈ ਕੁਰਬਾਨ ਹੋ ਜਾਣ ਦਾ ਲਾਸਾਨੀ ਜਜ਼ਬਾ ਭਰਿਆ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਯਾਲਾ ਜੀ ਪਹਿਲੇ ਸਿਖ ਸ਼ਹੀਦ ਸਨ। 1699 ਤੋਂ ਮਗਰੋਂ 1799 ਤਕ ਸਮੁੱਚੀ 18ਵੀਂ ਸਦੀ 'ਸ਼ਹੀਦੀ ਸਦੀ' ਆਖੀ ਜਾ ਸਕਦੀ ਹੈ। ਸੰਨ 1734 ਵਿਚ ਭਾਈ ਮਨੀ ਸਿੰਘ ਜੀ ਦੀ ਵੱਡੀ ਸ਼ਹੀਦੀ ਹੋਈ, ਜੋ ਦਸਵੇਂ ਪਾਤਸ਼ਾਹ ਦੇ ਸਮਕਾਲੀ, ਗੁਰਬਾਣੀ ਦੇ ਪਹਿਲੇ ਟਕਸਾਲੀ ਵਿਆਖਿਆਕਾਰ ਸਨ ਅਤੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਂਝੇ ਮੁਖ ਸੇਵਾਦਾਰ ਭੀ ਸਨ। ਸੰਨ 1757 ਵਿਚ ਬਾਬਾ ਦੀਪ ਸਿੰਘ ਜੀ ਆਪਣੇ ਜਥੇ ਦੇ ਅਨੇਕਾਂ ਸਿੰਘਾਂ ਸਮੇਤ ਅਹਿਮਦਸ਼ਾਹ ਅਬਦਾਲੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਬੇਅਦਬੀ ਤੋਂ ਬਚਾਉਣ ਲਈ ਸ਼ਹੀਦ ਹੋਏ ਸਨ। 1748 ਦਾ ਛੋਟਾ ਘੱਲੂਘਾਰਾ ਅਤੇ 1762 ਦੇ ਕੁੱਪ ਰਹੀੜੇ ਦੇ ਵੱਡੇ ਘੱਲੂਘਾਰੇ ਦੌਰਾਨ ਹਜ਼ਾਰਾਂ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। 1799 ਵਿਚ ਖ਼ਾਲਸਾ ਰਾਜ ਦੀ ਸਥਾਪਨਾ ਤਕ ਅਤੇ ਉਸ ਤੋਂ ਮਗਰੋਂ ਭੀ ਸੰਨ 1840 ਤਕ, ਖ਼ਾਲਸਾ, ਧਰਮ ਦੀ ਖ਼ਾਤਰ ਜੂਝਦਾ ਹੀ ਰਿਹਾ ਅਤੇ ਆਪਣੇ ਸੀਸ ਨੂੰ ਨਿਰੰਤਰ ਭੇਟ ਕਰਦਾ ਰਿਹਾ। 1846 ਤੋਂ 1849 ਤਕ ਅੰਗਰੇਜ਼ਾਂ ਨਾਲ ਹੋਈਆਂ ਚਾਰ ਲੜਾਈਆਂ ਵਿਚ ਸਿੰਘਾਂ ਸੂਰਮਿਆਂ ਨੇ ਬੜੇ ਚਾਉ ਨਾਲ ਸ਼ਹੀਦੀ ਦੇ ਜਾਮ ਪੀਤੇ। ਇਸ ਦੀ ਜੋ ਵੀਰ-ਗਾਥਾ ਅੰਗਰੇਜ਼ ਜਰਨੈਲਾਂ ਨੇ ਲਿਖੀ, ਉਹ ਖ਼ਾਲਸੇ ਲਈ ਫ਼ਖ਼ਰ ਦੀ ਗੱਲ ਹੈ।

ਸ਼ਹੀਦੀ ਦੀਆਂ ਦਾਸਤਾਨਾਂ ਨੂੰ ਸੁਣ/ਪੜ੍ਹ ਕੇ ਇਉਂ ਲਗਦਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਵੈਸਾਖੀ ਨੇ ਐਸੀ ਕੌਮ ਤਿਆਰ ਕੀਤੀ ਜੋ ਗੁਰੂ ਨੂੰ ਪੂਰਨ ਤੌਰ 'ਤੇ ਸਮਰਪਿਤ ਸੀ, ਅਤੇ ਹੁਣ ਭੀ ਹੈ। ਉਹਨਾਂ ਧਰਮ ਦੀ ਆਨ-ਸ਼ਾਨ ਖ਼ਾਤਰ ਵੀ ਆਪਣਾ ਸੀਸ ਵਾਰਨ ਤੋਂ ਸੰਕੋਚ ਨਹੀਂ ਕੀਤਾ। 19ਵੀਂ ਇਤਿਹਾਸਕ ਸ਼ਤਾਬਦੀ ਵਿਚ ਗੁਰੂ ਸਾਹਿਬਾਨ ਦੇ ਨਾਮ ਨਾਲ ਜੁੜੇ ਅਨੇਕਾਂ ਇਤਿਹਾਸਕ ਗੁਰ-ਧਾਮਾਂ ਉੱਤੇ ਪੁਜਾਰੀਆਂ

ਅਤੇ ਮਹੰਤਾਂ ਦਾ ਕਬਜ਼ਾ ਹੁੰਦਾ ਗਿਆ। ਸਮੇਂ ਦੇ ਬੀਤਣ ਨਾਲ ਅਤੇ ਪੂਜਾ ਦੇ ਧਾਨ ਦੀ ਦੁਰਵਰਤੋਂ ਕਾਰਨ ਗੁਰਦੁਆਰਾ-ਪ੍ਰਬੰਧ ਵਿਚ ਭ੍ਰਿਸ਼ਟਾਚਾਰ ਵਧਦਾ ਗਿਆ। ਸੰਨ 1920 ਅਤੇ 1925 ਦੀ ਗੁਰਦੁਆਰਾ-ਸੁਧਾਰ ਲਹਿਰ ਨੇ ਭ੍ਰਿਸ਼ਟ ਮਹੰਤਾਂ ਅਤੇ ਪੁਜਾਰੀਆਂ ਦੀ ਅਜਾਰੇਦਾਰੀ ਨੂੰ ਖ਼ਤਮ ਕੀਤਾ ਪਰ ਇਸ ਲਹਿਰ ਦੌਰਾਨ ਅਨੇਕਾਂ ਸਿੰਘਾਂ ਨੂੰ ਸ਼ਹੀਦੀਆਂ ਦੇਣੀਆਂ ਪਈਆਂ। 1921 ਵਿਚ ਭਾਈ ਲਛਮਣ ਸਿੰਘ ਜੀ ਦੀ ਅਗਵਾਈ ਵਿਚ 156 ਸਿੰਘਾਂ ਦੇ ਜਥੇ ਨੂੰ ਨਰੈਣੂ ਮਹੰਤ ਨੇ ਭਾੜੇ ਦੇ ਗੁੰਡਿਆਂ ਤੋਂ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਹੀਦ ਕਰਵਾਇਆ। ਫਿਰ 1978 ਦੀ ਵੈਸਾਖੀ ਨੂੰ ਨਿਰੰਕਾਰੀਆਂ ਵੱਲੋਂ ਗੁਰੂ-ਨਿੰਦਾ ਵਿਰੁੱਧ ਰੋਸ ਪ੍ਰਗਟ ਕਰਨ ਲਈ 200 ਸਿੰਘ ਨੰਗੇ ਪੈਰੀਂ ਸ੍ਰੀ ਦਰਬਾਰ ਸਾਹਿਬ (ਅਮ੍ਰਿਤਸਰ) ਤੋਂ ਰੀਕੋ ਬਰਿਜ ਤਕ (ਜਿਥੇ ਗੁਰਬਚਨ ਸਿਹੁੰ ਆਪਣਾ ਦਰਬਾਰ ਲਗਾਈ ਬੈਠਾ ਸੀ), ਜਲੂਸ ਦੀ ਸ਼ਕਲ ਵਿਚ ਗਏ। ਉੱਥੇ 200 ਸਿੰਘਾਂ ਦੇ ਇਸ ਨਿਹੱਥੇ ਜਥੇ ਉੱਤੇ ਨਿਰੰਕਾਰੀਆਂ ਦੇ ਭਾੜੇ ਦੇ ਬੰਦਿਆਂ ਨੇ ਵਾਹੋ-ਦਾਹੀ ਗੋਲੀਆਂ ਚਲਾ ਦਿੱਤੀਆਂ, ਜਿਸਦੇ ਫਲਸਰੂਪ 13 ਸਿੰਘ ਸ਼ਹੀਦ ਹੋ ਗਏ ਅਤੇ 150 ਦੇ ਕਰੀਬ ਜ਼ਖ਼ਮੀ ਹੋਏ।

ਅੱਜ ਭੀ ਕੌਮ ਵਿਚ ਸੀਸ ਭੇਟ ਦਾ ਜਜ਼ਬਾ ਘਟਿਆ ਨਹੀਂ, ਭਾਵੇਂ ਅਜੋਕੇ ਕੌਮੀ/ਸਿਆਸੀ ਆਗੂਆਂ ਦੀਆਂ ਸਿਆਸੀ ਗਤੀ-ਵਿਧੀਆਂ ਕਾਰਨ ਇਹ ਜਜ਼ਬਾ ਹੌਲੀ ਹੌਲੀ ਮੱਠਾ ਪੈਂਦਾ ਜਾਂਦਾ ਹੈ। ਸਤਿਗੁਰੂ ਮਿਹਰ ਕਰਨ, ਕੌਮ ਦੀ ਵਾਗਡੋਰ ਸੱਚੇ-ਸੁੱਚੇ ਧਰਮੀ ਆਗੂਆਂ ਦੇ ਹੱਥਾਂ ਵਿਚ ਆਵੇ!! ਸ਼ਹੀਦੀਆਂ ਕਦੀ ਵਿਅਰਥ ਨਹੀਂ ਜਾਂਦੀਆਂ। ਸਤਿਗੁਰੂ ਸਦਾ ਖ਼ਾਲਸੇ ਦੇ ਅੰਗ ਸੰਗ ਹਨ। ਨਿਰਾਸ਼ ਹੋਣ ਦੀ ਲੋੜ ਨਹੀਂ। ਸਤਿਗੁਰੂ ਜੀ ਅੱਗੇ ਅਸੀਂ ਸਾਰੇ ਅਰਦਾਸ ਕਰੀਏ, ਗੁਰਦੇਵ! ਕੌਮ ਨੂੰ ਸੁਘੜ, ਸਿਆਣੇ, ਧਰਮੀ ਆਗੂ ਪ੍ਰਦਾਨ ਕਰੋ ਜੀ, ਜੋ ਆਪ ਪੂਰਨ ਤੌਰ 'ਤੇ ਗੁਰੂ ਪ੍ਰਤਿ ਸਮਰਪਿਤ ਹੋਣ ਅਤੇ ਕੌਮ ਵਿਚ ਪੂਰਨ ਸਮਰਪਣ ਦੀ ਭਾਵਨਾ ਉਜਾਗਰ ਕਰ ਸਕਣ। ਕੌਮ ਦੀ ਇਹ ਅਰਦਾਸ ਅਵੱਸ਼ ਸੁਣੀ ਜਾਏਗੀ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ ਅੰਗ - 135***

**ਅਰਥ**

ਵਿਸਾਖ ਦੁਆਰਾ ਉਪਦੇਸ਼ ਹੈ ਕਿ ਜੋ ਵਿਛੜੀਆਂ ਹੋਈਆਂ ਹਨ ਅਤੇ ਪ੍ਰੇਮ ਤੋਂ ਖ਼ਾਲੀ ਹਨ, ਉਨ੍ਹਾਂ ਨੂੰ ਧੀਰਜ ਕਿਸ ਤਰ੍ਹਾਂ ਆ ਸਕਦੀ ਹੈ? ਹਰਿ ਸੱਜਣ ਪੁਰਖ ਨੂੰ ਛੱਡ ਕੇ (ਉਹਨਾਂ ਨੂੰ) ਛਲ ਰੂਪ ਮਾਇਆ ਦੀ ਖਿਚ ਲੱਗੀ ਹੋਈ ਹੈ। ਉਸ ਅਬਿਨਾਸੀ ਹਰੀ ਤੋਂ ਬਿਨਾਂ ਪੁੱਤਰ, ਇਸਤਰੀ ਤੇ ਧਨ ਕੋਈ ਵੀ ਸਾਥ ਨਹੀਂ ਦਿੰਦਾ। ਝੂਠੇ ਧੰਧੇ ਤੇ ਮੋਹ ਵਿਚ ਪਲਚ ਪਲਚ ਕੇ ਸਾਰੇ ਮਰ ਰਹੇ ਹਨ। ਇਕ ਹਰੀ ਦੇ ਨਾਮ ਬਾਝੋਂ ਅੱਗੇ ਸਭ ਕੁਝ ਖੋਹਿਆ ਜਾਂਦਾ ਹੈ। ਪ੍ਰਭੂ ਤੋਂ ਬਿਨਾਂ ਹੋਰ ਕੋਈ ਨਹੀਂ (ਤੇ) ਉਸ ਨੂੰ ਵਿਸਾਰ ਕੇ ਪਛਤਾਵਾ ਹੀ ਪਛਤਾਵਾ ਹੈ। (ਪਰ) ਜੋ ਉਸ ਪ੍ਰੀਤਮ ਦੇ ਚਰਨੀਂ ਲੱਗ ਗਏ ਹਨ, ਉਨ੍ਹਾਂ ਦੀ ਸੋਭਾ ਬੜੀ ਨਿਰਮਲ ਹੋ ਗਈ ਹੈ। (ਗੁਰੂ) ਨਾਨਕ ਦੀ ਬੇਨਤੀ ਹੈ ਕਿ ਹੇ ਪ੍ਰਭੂ ਜੀ! ਮਿਲੋ, ਤਾਂ ਜੁ ਮੇਰੇ ਕੁਝ ਪੱਲੇ ਪਵੇ। ਵਿਸਾਖ ਤਦ ਸੁਹਾਉਣਾ ਹੈ ਜੇ ਵਾਹਿਗੁਰੂ ਜੀ (ਪੂਰਣ) ਸੰਤ ਦੇ ਦਰਸ਼ਨ ਕਰਾ ਦੇਣ।



# ਅਣਡਿੱਠੀ ਦੁਨੀਆ



*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਆਮ ਅਲਪੱਗ ਇਨਸਾਨ ਵਾਹਿਗੁਰੂ ਭਗਵਾਨ ਦੀ ਗਤਿ ਮਿਤ ਨਹੀਂ ਜਾਣ ਸਕਦੇ। ਉਹ, ਅਲਪੱਗ ਇਨਸਾਨੀ ਅਕਲ ਦੀ ਗਤਿ ਮਿਤ-ਮਿਣਨੀ-ਸ਼ਕਤੀਓਂ ਬਾਹਰਾ, ਅਵਿਗਤ ਹੈ; ਗਿਣਤੀ ਮਿਣਤੀ ਵਾਲੀ ਸਾਇੰਟਿਫਿਕ ਬੁਧੀਓਂ ਅਬੁਧ (ਅਬੁਝ) ਹੈ, ਅਗਿਣਤ ਹੈ। ਉਸ ਦੀ ਥਾਹ ਕਿਸੇ ਨੂੰ ਨਹੀਂ ਆ ਸਕਦੀ, ਉਹ ਅਥਾਹ ਹੈ, ਪਰ ਇਹ ਨਹੀਂ ਕਹਿ ਸਕਦੇ ਕਿ ਉਹ ਹੈ ਹੀ ਨਹੀਂ। ਉਹ ਸਗਲਿਆਂ ਜੀਵਾਂ ਜੰਤਾਂ ਮੰਝਾਰ ਭੀ ਹੈ, ਬਾਹਰਵਾਰ ਭੀ ਹੈ, ਸਭ ਦਾ ਦਾਤਾਰ ਹੈ। ਅਣਮੰਗਿਆਂ ਦਾਨ ਦਿੰਦਾ ਹੈ। ਸਭ ਜੀਅ ਜੰਤ ਉਸ ਦੇ ਮੰਗਤੇ ਜਾਚਕ ਹਨ। ਜਾਚਕਾਂ, ਮੰਗਤ ਜਨਾਂ ਨੂੰ ਮੰਗਿਆਂ ਦਾਨ ਭੀ ਦਿੰਦਾ ਹੈ। ਜਾਚਨਾ, ਅਰਦਾਸ ਸਭ ਦੀ ਸੁਣਦਾ। ਇਸ ਕਰਕੇ ਨੇਰੇ ਹੂੰ ਤੋਂ ਨੇਰੇ ਹੈ। ਦੂਰ ਨਹੀਂ, ਸਭ ਦੇ ਸੰਗ ਵਸਦਾ ਹੈ। ਦ੍ਰਿਸ਼ਟੇ ਜਨਾਂ ਨੂੰ ਜ਼ਾਹਰਾ ਦ੍ਰਿਸ਼ਟੀ ਆਉਂਦਾ ਹੈ। ਆਪਣੇ ਭਗਤਾਂ ਦੇ ਵਸਗਤ ਹੋ ਕੇ ਉਹਨਾਂ ਨੂੰ ਗਲਵੱਕੜੀ ਪਾ ਕੇ ਆ ਮਿਲਦਾ ਹੈ। ਘਟ ਅੰਤਰਿ ਹੀ ਪਰਗਟ ਪ੍ਰਜਵਲਤ ਹੋ ਕੇ ਸੱਚੀ ਮੇਲ-ਮਿਲੌਣੀ ਮਿਲਦਾ ਹੈ। ਐਸੇ ਤੁੱਠ ਕੇ ਮਿਲਣ-ਹਾਰ ਪ੍ਰੀਤਮ ਵਾਹਿਗੁਰੂ ਦੀ ਮਹਿਮਾ ਮਿਣੀ ਜਾ ਸਕੇ ਤਾਂ ਕਿਸ ਬਿਧ ਮਿਣੀ ਜਾਵੇ। ਜਿਨ੍ਹਾਂ ਉਪਰ ਉਹ ਐਸੀ ਕਿਰਪਾ ਕਰ ਤੁਠਦਾ ਵਰ੍ਹਦਾ ਹੈ, ਤਿਨ੍ਹਾਂ ਭਗਤਾਂ ਸੰਤਾਂ ਸਾਧਾਂ ਦੇ ਚਰਨਾਂ ਤੇ ਸੀਸ ਧਰੀ ਰਖੀਏ। ਇਹੋ ਦਾਨ ਮਾਨ ਗੁਰੂ ਘਰੋਂ, ਗੁਰੂ ਦੁਆਰਿਓਂ, ਗੁਰੂ ਨਾਨਕ ਦੇ ਦਰੋਂ ਸਦਾ ਜਾਚੀਏ ਬਾਛੀਏ। ਇਉਂ ਵਾਹਿਗੁਰੂ ਦੀ ਪਰਤੱਖ ਹੋਂਦ-ਹਸਤੀ ਦਾ ਨਜ਼ਾਰਾ ਆਪਣੀ ਅੱਖੀਂ ਪੇਖੀ ਵਿਸੇਖੀਦਾ ਹੈ, ਜੈਸਾ ਕਿ ਇਹ ਗੁਰਵਾਕ ਸਾਖਾ ਭਰਦਾ ਹੈ -

*ਅਵਿਗਤ ਅਗਣਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ॥*
*ਸਰਬ ਜਾਚਿਕ ਏਕੁ ਦਾਤਾ ਨਹ ਦੂਰ ਸੰਗੀ ਜਾਹਰਾ॥*
*ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ॥*
*ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ॥੪॥੨॥੫॥* *ਆਸਾ ਮ: ੧, ਅੰਗ - ੪੫੬*

ਜਿਨ੍ਹਾਂ ਨੂੰ ਗੁਰੂ ਨਾਨਕ ਦੇ ਦਰ ਘਰ ਤੋਂ ਸਚੇ ਨਾਮ-ਮੰਤਰ ਦੀ ਵਡਾਈ ਮਿਲੀ ਹੈ, ਤਿਨ੍ਹਾਂ ਦੀ ਗਹਿਣ-ਗਤ ਕੁਛ ਨਹੀਂ ਕਹੀ ਜਾ ਸਕਦੀ। ਐਸੇ ਸੰਤ ਜਨ ਨਾਮ ਜਪ ਜਪ ਤ੍ਰਿਪਤ ਅਘਾਇ ਰਹਿੰਦੇ ਹਨ, ਨਾਮ ਅਭਿਆਸ ਦੀ ਗੁਰਮਤਿ ਦਰਸਾਈ ਕਮਾਈ ਕਰਿ ਤਿਨ੍ਹਾਂ ਨੂੰ ਨਾਮ, ਲਾਲ ਅਮੋਲਾ ਲਾਲ ਹੋ ਕੇ ਅੰਤਰਿ ਹੀ ਪ੍ਰਕਰਿਆ, ਰਸ ਜੋਤੱਕਰਿਆ ਹੈ। ਇਸ ਜੋਤਿ-ਜੋਤੱਕਰੀ ਜਗਨਤਾ ਦੀ ਦਸ਼ਾ ਅੰਦਰ ਨਾਮ ਸਚ ਮੁਚ ਅਗਾਹ ਅਤੋਲਾ ਹੈ। ਨਾਮ ਦੀ ਇਸ ਅਗਾਹ ਅਤੋਲਤਾ ਵਾਲੀ ਪਰਕਾਸ਼ ਪ੍ਰਜਵਲਤਾ ਵਿਚ ਤ੍ਰਿਬੁਡ ਹੋ ਕੇ ਹੀ ਨਾਮੀ ਵਾਹਿਗੁਰੂ ਅਕਾਲ ਪੁਰਖ ਦੀ ਅਗਾਧਤਾ ਅਤੋਲਤਾ ਦਾ ਕਿੰਚਤ ਮਾਤ੍ਰ ਅੰਦਾਜ਼ਾ ਲਗ ਸਕਦਾ ਹੈ ਅਤੇ ਪਤਾ ਲਗਦਾ ਹੈ ਕਿ ਸਚਮੁਚ ਉਹ ਅਵਿਗਤ ਹੈ। ਇਸ ਅਵਿਗਤ ਦਾ ਤਤ ਗਿਆਨ ਗੁਰਮੁਖ ਜਨਾਂ ਨਾਮ ਅਭਿਆਸੀਆਂ ਨੂੰ ਹਸਤਾਮਲ ਵਤ ਪਰਗਟ ਹੋਇ ਆਵੰਦਾ ਹੈ। ਜਿਨ੍ਹਾਂ ਸੰਤ ਜਨਾਂ ਗੁਰਮੁਖਾਂ ਦਾ ਇਸ ਬਿਧਿ ਅਵਿਗਤ ਸਿਉਂ ਮਨੁ ਮਾਨਿਆ ਹੈ, ਉਹ ਸਾਰੇ ਹੀ ਪਰੀਪੂਰਨ ਪਾਰ ਅਗੰਮ ਨੂੰ ਆਪਣੇ ਧਿਆਨ ਅੰਦਰ ਹੀ ਪਰਤੱਖ ਦੇਖਦੇ ਹਨ ਅਤੇ ਪੇਖ ਵਿਗਸਦੇ ਵਿਗਸਾਉਂਦੇ ਹਨ। ਐਸੀ ਉਚ ਪਦਵੀ ਨੂੰ ਪਾਇਕੇ ਭੀ ਸੰਕਲਪ ਮਾਤਰ ਭੀ ਉਹਨਾਂ ਨੂੰ ਇਹ ਫੁਰਨਾ ਨਹੀਂ ਫੁਰਦਾ ਸੁਖਸ਼ਮ ਤੋਂ ਸੁਖਸ਼ਮ ਅਭਿਮਾਨ ਅਹੰਕਾਰ ਦਾ, ਕਿ ਪ੍ਰਮੇਸ਼ਰ ਉਨ੍ਹਾਂ ਨੇ ਪਾ ਲਿਆ ਹੈ। ਇਸ ਪਰਮ ਪਦ ਨੂੰ ਪਾ ਕੇ ਤਿਨ੍ਹਾਂ ਦਾ ਇਸ ਜਾਮੇ ਅੰਦਰ ਹੀ ਨਿਹਚਲ ਥਾਨ ਵਿਚ ਵਾਧਾ ਹੋ ਜਾਂਦਾ ਹੈ। ਇਉਂ ਨਿਹਚਲ ਠਾਣੇ ਠਿਕਾਣੇ ਵਾਲਾ ਮਹਲ ਪਛਾਨਣਾ, ਗੁਰੂ, ਕੇਵਲ ਗੁਰੂ ਦੇ ਪਰਤਾਪ ਕਰਕੇ ਹੀ ਹੋ ਸਕਦਾ ਹੈ। ਇਸ ਮਹਲ ਅੰਦਰ ਗੁਰੂ ਅਤੇ ਵਾਹਿਗੁਰੂ ਅਕਾਲ ਪੁਰਖ ਦੋਹਾਂ ਨਾਲ ਹੀ ਮੇਲ ਹੋਇਆ ਰਹਿੰਦਾ ਹੈ। ਮੇਲ ਭੀ ਸਚੜਾ ਮੇਲ। ਇਸ ਮੇਲ

ਮਿਲਾਉਣੀ ਦਾ ਸੁਹਾਗ ਭਾਗ ਮਾਣਦਿਆਂ ਅਹਿੰਨਿਸਿ ਜਾਗ ਸੁਜਾਗੇ ਰਹੀਦਾ ਹੈ ਅਤੇ ਜਾਗ ਸੁਜਾਗੇ, ਸਾਵਧਾਨਤਾ ਪਾਗੇ ਹੋਏ ਵਾਹਿਗੁਰੂ ਦੀ ਸਿਮਰਨ ਰੂਪੀ ਸੇਵਾ ਵਿਖੇ ਸਗੋਂ ਹੋਰ ਅਭੀਚ ਰੰਗਾਂ ਵਿਚ ਤਤਪਰ ਹੋਈਦਾ ਹੈ। ਇਹ ਆਤਮ ਬਿਵਸਥਾ ਪੂਰਨ ਤ੍ਰਿਪਤ ਅਘਾਵਨੀ, ਸਹਜ ਸਮਾਧਿ ਸਮਾਵਨੀ ਅਵਸਥਾ ਹੁੰਦੀ ਹੈ। ਇਹ ਸਦਾ ਅਸਥਿਰ ਹਰਿ ਭੰਡਾਰ ਗੁਰੂ ਨਾਨਕ ਸਾਹਿਬ ਦੇ ਦਰੋਂ ਦਰਬਾਰੋਂ ਹੀ ਹੱਥ ਆਂਵਦਾ ਹੈ। ਯਥਾ ਗੁਰਵਾਕ –

*ਤ੍ਰਿਪਤਿ ਆਘਾਏ ਸੰਤਾ॥*
*ਗੁਰ ਜਾਨੇ ਜਿਨ ਮੰਤਾ॥*
*ਤਾ ਕੀ ਕਿਛੁ ਕਹਨੁ ਨ ਜਾਈ॥*
*ਜਾ ਕਉ ਨਾਮ ਬਡਾਈ॥੧॥*
*ਲਾਲੁ ਅਮੋਲਾ ਲਾਲੋ॥*
*ਅਗਹ ਅਤੋਲਾ ਨਾਮੋ॥੧॥ਰਹਾਉ॥*
*ਅਵਿਗਤ ਸਿਉ ਮਾਨਿਆ ਮਾਨੋ॥*
*ਗੁਰਮੁਖਿ ਤਤੁ ਗਿਆਨੋ॥*
*ਪੇਖਤ ਸਗਲ ਧਿਆਨੋ॥*
*ਤਜਿਓ ਮਨ ਤੇ ਅਭਿਮਾਨੋ॥੨॥*
*ਨਿਹਚਲੁ ਤਿਨ ਕਾ ਠਾਣਾ॥*
*ਗੁਰ ਤੇ ਮਹਲੁ ਪਛਾਣਾ॥*
*ਅਨਦਿਨੁ ਗੁਰ ਮਿਲਿ ਜਾਗੇ॥*
*ਹਰਿ ਕੀ ਸੇਵਾ ਲਾਗੇ॥੩॥*
*ਪੂਰਨ ਤ੍ਰਿਪਤਿ ਅਘਾਏ॥*
*ਸਹਜ ਸਮਾਧਿ ਸੁਭਾਏ॥*
*ਹਰਿ ਭੰਡਾਰੁ ਹਾਥਿ ਆਇਆ॥*
*ਨਾਨਕ ਗੁਰ ਤੇ ਪਾਇਆ॥੪॥੭॥੨੩॥*

*ਅੰਗ - ੧੦੦੬*

ਜਿਸ ਵਾਹਿਗੁਰੂ ਨੂੰ ਅਵਿਗਤ, ਗਹਿਣ-ਗਤ ਵਿਚ ਨਾ ਆਉਣ ਵਾਲਾ ਜਾਣ ਕੇ ਸ਼ਰਧਾ-ਹੀਨ ਲੋਕ ਕੋਰੇ ਨਾਸਤਕ ਹੋ ਬੈਠਦੇ ਹਨ, ਉਸ ਅਵਿਗਤ ਦੀ ਗਤਿ ਗੁਰੂ ਘਰ ਦੇ ਗੁਰਮੁਖ ਜਨਾਂ ਨੇ ਜਾਣੀ ਹੈ। ਪਰ ਤਾਂ ਜਾਣੀ ਹੈ ਜਾਂ ਸ਼ਬਦ-ਗੁਰਮੰਤ੍ਰ ਦੀ ਅਤੁੱਟ ਅਭਿਆਸ ਕਮਾਈ ਕੀਤੀ ਹੈ, ਐਵੇਂ ਨਹੀਂ। ਗੁਰ-ਸ਼ਬਦ ਦੁਆਰਾ ਜਾਣੀ ਪਛਾਣੀ ਹੋਈ ਅਵਿਗਤ ਦੀ ਗਤਿ ਗੁਰਮੁਖ ਜਨਾਂ ਨੂੰ 'ਏਕੋ ਰਵਿ ਰਹਿਆ ਨਿਰਬਾਨੀ' ਤਾਈਂ ਪ੍ਰਤੱਖ ਲਖਾਉਂਦੀ ਹੈ। ਤਿਨ੍ਹਾਂ ਨੂੰ ਇਕ ਅਕਾਲ ਪੁਰਖ ਸਾਰੇ ਪਰੀ-ਪੂਰਨ ਰਵਿ ਰਹਿਆ ਦਿਖਾਈ ਦੇਂਦਾ ਹੈ। ਜਿਨ੍ਹਾਂ ਗੁਰਮੁਖਾਂ ਨੇ ਇਸ ਪਰਤੱਖ ਪਰਗਟ ਸਰੂਪ ਵਿਚ ਅਵਿਗਤ ਦੀ ਗਤਿ ਜਾਤੀ ਹੈ, ਤਿਨ੍ਹਾਂ ਦੇ ਦਸਮ ਦੁਆਰ ਦਿਨ ਰਾਤੀਂ ਅਨਹਦ ਸ਼ਬਦ ਵਜਦਾ ਰਹਿੰਦਾ ਹੈ। ਯਥਾ ਗੁਰਵਾਕ –

*ਅਨਹਦ ਸਬਦੁ ਵਜੈ ਦਿਨੁ ਰਾਤੀ॥*
*ਅਵਿਗਤ ਕੀ ਗਤਿ ਗੁਰਮੁਖਿ ਜਾਤੀ॥*
*ਤਉ ਜਾਨੀ ਜਾ ਸਬਦਿ ਪਛਾਨੀ॥*
*ਏਕੋ ਰਵਿ ਰਹਿਆ ਨਿਰਬਾਨੀ ॥੭॥(੮॥੩)*

*ਅੰਗ - ੯੦੪*

## ੩

## ਅਕਾਲ ਪੁਰਖ ਦਾ ਰਸ ਮਿਲਾਪ

ਤਿਨ੍ਹਾਂ ਨੂੰ ਤ੍ਰਿਭਵਣ ਸਾਰੇ ਵਿਖੇ ਹੀ ਜੋਤਿ ਸਬਾਇੜੀ ਹੀ ਪਰਦੀਪਤ ਹੋਈ ਦਿਸਦੀ ਹੈ। ਐਸੀ ਜੋਤਿ ਸਬਾਇੜੀ ਪਰਦੀਪਤ ਹੋਏ ਗੁਰਮੁਖ ਜਗਿਆਸੂ ਨੂੰ ਪ੍ਰਭੂ ਘਰ ਘਟ ਅੰਦਰ ਰਵ ਰਹਿਆ ਨਜ਼ਰੀਂ ਆਉਣ ਲਗ ਪੈਂਦਾ ਹੈ। ਉਹ ਨਾਇਕ ਸੁਆਮੀ, ਜੋ ਅਲੱਖ ਹੈ, ਹੋਰ ਕਿਸੇ ਬਿਧ ਭੀ ਲਖਿਆ ਨਹੀਂ ਜਾ ਸਕਦਾ, ਜੋ ਅਪਾਰ ਹੈ, ਜਿਸ ਦਾ ਪਾਰਾਵਾਰ, ਹੋਰ ਕਿਵੇਂ ਭੀ ਨਹੀਂ ਪਾਇਆ ਜਾ ਸਕਦਾ, ਸੋ ਘਟ ਘਟ ਅੰਦਰ ਜਗਨ-ਜੋਤੀ ਹੋ ਕੇ ਸਮਾ ਰਹਿਆ ਪਰਤੱਖ ਦਿਸ ਰਿਹਾ ਹੁੰਦਾ ਹੈ। ਨਾ ਕੇਵਲ ਆਪਣੇ ਘਟ ਅੰਦਰ ਹੀ, ਬਲਕਿ ਦੂਜਿਆਂ ਦੇ ਘਟਾਂ ਅੰਦਰ ਭੀ ਜੋਤਿ ਪਰਗਾਸਿਆ ਹੋਇਆ ਦ੍ਰਿਸ਼ਟ ਗੋਚਰ ਹੋਇ ਆਵੰਦਾ ਹੈ। ਇਹ ਅਲਖ ਅਪਾਰ ਸਿਰਜਨਹਾਰਾ ਅਪਰੰਪਰੁ ਸੁਆਮੀ ਪ੍ਰਮੇਸ਼ਰ ਸ਼ਬਦ-ਦੀਪਕੀ ਗੁਰਮੁਖਾਂ ਨੂੰ ਘਟ ਅੰਦਰ ਹੀ ਜੱਫੀਆਂ ਪਾਇ ਕੇ ਆਣ ਮਿਲਦਾ ਹੈ, ਪਰ ਮਿਲਦਾ ਤਦ ਹੈ ਜਦੋਂ ਨਾਮ ਅਭਿਆਸ ਕਮਾਈ ਏਨੀ ਪ੍ਰਬਲ ਦਸ਼ਾ ਵਿਚ ਅਰੂੜ੍ਹਤ ਹੋ ਜਾਂਦੀ ਹੈ ਕਿ ਨਿਜ ਦੇਹ ਅਧਿਆਸ ਦੂਰ ਹੋ ਕੇ ਆਪਾ ਉੱਕਾ ਹੀ ਮਾਰਿਆ ਮਸਲਿਆ ਜਾਂਦਾ ਹੈ। ਬਸ, ਇਉਂ ਆਪਾ ਮਾਰਨਹਾਰਿਆਂ ਸ਼ਬਦ-ਕਮਾਊਆਂ ਨੂੰ ਹੀ ਅੰਤਰਿ ਆਤਮੇ ਆ ਮਿਲਦਾ ਹੈ। ਸ਼ਬਦ ਕਮਾਈ ਦੁਆਰਾ ਐਥੋਂ ਤਾਈਂ ਇਹ ਰੋਗ-ਹਉਮੀਆ-ਆਪਾ ਘਿਸ-ਘਿਸ ਕੇ ਮਿਟ ਜਾਂਦਾ ਹੈ ਕਿ ਹਉਮੈ ਮਮਤਾ ਲੱਭ ਆਦਿ ਜਗਿਆਸੂ ਦੇ ਜਲ ਕੇ ਸੁਆਹ ਹੋ ਜਾਂਦੇ ਹਨ ਅਤੇ ਸਾਰੀ ਮੈਲ ਅੰਦਰੋਂ ਚੁਕੀ ਜਾਂਦੀ ਹੈ। ਏਹਨਾਂ ਉਪਰਲੀਆਂ ਕੁਵਸਤੂਆਂ ਦੇ ਥਾਉਂ ਫੇਰ ਘਟ ਅੰਦਰ ਵਾਹਿਗੁਰੂ ਅਤੇ ਵਾਹਿਗੁਰੂ ਦਾ ਦਰਸ਼ਨ ਹੀ ਉਰਧਾਰਿਆ ਰਹਿੰਦਾ ਹੈ। ਇਉਂ ਸ਼ਬਦ ਗੁਰੂ ਦੀ ਕਮਾਈ ਰੂਪੀ ਭਾਣੇ ਅੰਦਰ ਚਲਿਆਂ ਤਾਰਨਹਾਰਾ ਨਦਰਾਲੂ ਪੁਰਖ ਅਕਾਲ ਤੁਠ ਕੇ ਆਪ ਹੀ ਆਪਣੇ ਭਾਣੇ ਅੰਦਰ ਆਏ ਪਿਆਰਿਆਂ ਨੂੰ ਤਾਰ ਲੈਂਦਾ ਹੈ। ਫਿਰ ਜੋਤੀਸ਼ ਵਾਹਿਗੁਰੂ ਨੂੰ ਧਾਰਨ ਧਾਰ ਕੇ ਹੀ, ਅੰਮ੍ਰਿਤ ਨਾਮ ਚਖ ਕੇ ਤ੍ਰਿਪਤ ਹੋਈ ਨਾਇਕਾ ਨੂੰ ਦਰ ਜਾਇ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ। ਇਹ ਸੁਹਾਗ ਭਰੀ ਬਿਵਸਥਾ ਨੂੰ ਸਦਾ ਮਾਨਣ ਲਈ ਬਿਨੇ ਅਲਾਉਣਾ ਇਕ ਸਹਿਜ ਸੁਭਾਵੀ ਕਰਤਬ ਹੋਇ ਰਹਿੰਦਾ ਹੈ।

*'ਚਲਦਾ'*

# ਸਿਧਾਂਤਕ ਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਆਤਮ ਰੰਗ ਦੀ ਵਰਤਮਾਨ ਸਥਿਤੀ

ਆਤਮ ਰੰਗ ਦਾ ਪਹਿਲਾ ਪਰਚਾ ਵੈਸਾਖੀ ੧੯੯੯ ਦੇ ਸਮਾਗਮ ਅਨੰਦਪੁਰ ਸਾਹਿਬ ਵਿਖੇ ਜਾਰੀ ਕੀਤਾ ਗਿਆ ਸੀ, ਜੋ ਸਿੱਖ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ ਨਿਰੰਤਰ ਚਲਦਾ ਆ ਰਿਹਾ ਹੈ। ਅਖੰਡ ਕੀਰਤਨੀ ਜਥੇ ਦਾ ੧੯੬੫ ਵਿਚ ਪਟਿਆਲੇ ਦੇ ਸਿੰਘਾਂ ਦੇ ਉਦਮ ਨਾਲ 'ਸੂਰਾ' ਰਸਾਲਾ ਹੋਂਦ ਵਿਚ ਆਇਆ। ਮਗਰੋਂ ਇਸ ਰਸਾਲੇ ਨੂੰ ਸਵ. ਭਾ. ਸੇਵਾ ਸਿੰਘ ਜੀ ਅਤੇ ਭਾਈ ਗੁਰਬਚਨ ਸਿੰਘ ਜੀ ਨੇ ਅੰਮ੍ਰਿਤਸਰ ਤੋਂ ਬੜੀ ਸਫਲਤਾ ਨਾਲ ਚਲਾਇਆ। ਮੈਨੂੰ ਹੁਣ ਮਹਿਸੂਸ ਹੁੰਦਾ ਹੈ ਕਿ 'ਸੂਰੇ' ਨੂੰ ਅੰਮ੍ਰਿਤਸਰ ਤੋਂ ਲੁਧਿਆਣੇ ਲਿਆਉਣਾ ਬੜੀ ਵੱਡੀ ਗਲਤੀ ਸੀ। ਸਵ: ਡਾ. ਬਲਬੀਰ ਸਿੰਘ ਜੀ ਇਸ ਨੂੰ ਲੁਧਿਆਣੇ ਤੋਂ ਚਲਾਉਣ ਦੇ ਖਿਲਾਫ ਸਨ। ਪਰ ਲੁਧਿਆਣੇ ਦੇ ਨੌਜਵਾਨ ਸੇਵਾਦਾਰਾਂ ਨੇ 'ਸੂਰੇ' ਨੂੰ ਚਲਾਉਣ ਲਈ ਕਮਰਕਸਾ ਕਰ ਲਿਆ ਸੀ, ਇਨ੍ਹਾਂ ਪਾਸ ਜੋਸ਼ ਅਤੇ ਉਤਸ਼ਾਹ ਤਾਂ ਸੀ ਪਰ ਭਾਈ ਸੇਵਾ ਸਿੰਘ ਵਰਗੇ ਗੁਰਮਤਿ ਦੇ ਪੁਰਾਤਨ ਵਿਦਵਾਨਾਂ ਵਾਲੀ ਬਾਰੀਕ ਸੋਚ ਨਹੀਂ ਸੀ। ਥੋੜੇ ਚਿਰ ਵਿਚ ਹੀ 'ਸੂਰੇ' ਦਾ ਮਿਆਰ ਡਿਗਦਾ ਗਿਆ। ਜਥੇ ਦੇ ਕੁਝ ਕੁ ਪੁਰਾਤਨ ਸਿੰਘਾਂ ਨੇ ਲੁਧਿਆਣੇ ਨੌਜਵਾਨ ਵੀਰਾਂ ਨੂੰ ਬੇਨਤੀ ਕੀਤੀ ਇਸ ਨੂੰ ਯੋਗ ਹੱਥਾਂ ਵਿਚ ਦੇ ਦਿਉ, ਪਰ ਮੰਦਭਾਗੀ ਗੱਲ ਇਹ ਹੋਈ ਕਿ ਬਾਵਜੂਦ ਮਿਲ ਬੈਠ ਕੇ ਕੋਈ ਰਾਹ ਕੱਢਣ ਦੇ 'ਸੂਰਾ', ਲੁਧਿਆਣੇ ਵਾਲੀ ਸੰਗਤ ਸੰਭਾਲ ਨ ਸਕੀ। ਇਸ ਕਰਕੇ ਧਰਮ-ਪ੍ਰਚਾਰ ਨੂੰ ਮੁੱਖ ਰੱਖਦਿਆਂ ਆਤਮ-ਰੰਗ ੧੯੯੯ ਦੀ ਵੈਸਾਖੀ ਉਤੇ ਪਹਿਲੀ ਵਾਰ ਪ੍ਰਕਾਸ਼ਿਤ ਹੋਇਆ। 'ਸੂਰਾ' ਤਾਂ ਮੁੜ ਕੇ ਪ੍ਰਕਾਸ਼ਤ ਹੀ ਨਹੀਂ ਹੋਇਆ। ਮੈਂ ਕਿਸੇ ਨੂੰ ਦੋਸ਼ ਨਹੀਂ ਦਿੰਦਾ। ਇਹ ਅਕਾਲ ਪੁਰਖ ਦਾ ਹੁਕਮ ਹੀ ਐਸਾ ਸੀ। ਗੁਰ ਕਿਰਪਾ ਨਾਲ ਆਤਮ ਰੰਗ ਦੀ, ਸੇਵਾ, ਸੰਗਤਾਂ ਦੇ ਸਹਿਯੋਗ ਨਾਲ ਹੋ ਰਹੀ ਹੈ।

ਕਹਿੰਦੇ ਹਨ ਜਿਉਂ-ਜਿਉਂ ਗੰਗਾ ਪਹਾੜ ਤੋਂ ਨਿਕਲ ਕੇ ਅੱਗੇ ਵਧਦੀ ਗਈ ਉਹ ਅੱਗੇ ਨਾਲੋਂ ਮੈਲੀ ਹੁੰਦੀ ਗਈ। ਕੁਝ ਇਹੋ ਹਾਲ ਖਾਲਸਾ ਪੰਥ ਦਾ ਹੈ। ਦਸਵੇਂ ਪਾਤਸ਼ਾਹ ਦੇ ਸਮਕਾਲੀ ਖਾਲਸੇ ਨੇ, ਬੰਦਾ ਬਹਾਦਰ ਦੀ ਕਮਾਨ ਵਿਚ ੧੭੧੦ ਤੋਂ ੧੭੧੬ ਤੱਕ ਪੰਜਾਬ ਵਿਚ ਜ਼ੁਲਮ ਦੇ ਰਾਜ ਨੂੰ ਕਾਫ਼ੀ ਠੱਲ੍ਹ ਪਾਈ, ਪਰ ਉਦੋਂ ਵੀ ਉਨ੍ਹਾਂ ਦਾ ਦੂਜੇ ਜਥੇ ਨਾਲ ਮਤਭੇਦ ਹੋ ਗਿਆ। ਬੰਦਈ ਖਾਲਸਾ ਅਤੇ ਤੱਤ ਖਾਲਸਾ ਵੱਖ ਹੋ ਗਏ। ਅਜੇ ਤਕ ਖਾਲਸੇ ਪੰਥ ਵਿਚ ਉਹ ਪੁਰਾਤਨ ਏਕਤਾ ਵਾਲੀ ਜਾਂ ਪ੍ਰਸਪਰ ਪਿਆਰ ਵਾਲੀ ਗੱਲ ਕਿੱਥੇ? ਹੁਣ ਅਕਾਲੀ ਸਿੱਖ ਤੇ ਕਾਂਗਰਸੀ ਸਿੱਖ ਤਾਂ ਹਨ ਪਰ ਗੁਰੂ ਕੇ ਕਿਤਨੇ ਹਨ?

ਅਖੰਡ ਕੀਰਤਨੀ ਜਥਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨ ਦੀ ਖਿੱਚ ਕਾਰਨ ਅਤੇ ਉਸ ਕੀਰਤਨ ਦੀ ਮਿਠਾਸ ਕਾਰਨ ੧੯੩੧ ਤੋਂ ਮਗਰੋਂ ਹੋਂਦ ਵਿਚ ਆਇਆ। ਭਾਈ ਸਾਹਿਬ ੧੯੬੧ ਦੀ ਵੈਸਾਖੀ ਤੋਂ ਮਗਰੋਂ ਅਕਾਲ ਚਲਾਣਾ ਕਰ ਗਏ (੧੭-੪-੧੯੬੧) ਸਵ. ਭਾਈ ਜੁਗਿੰਦਰ ਸਿੰਘ ਤਲਵਾੜਾ ਅਤੇ ਭਾਈ ਮੁਹਿੰਦਰ ਸਿੰਘ (ਐਸ.ਡੀ.ਓ.) ਨੇ ਕੀਰਤਨਾਂ ਦੇ ਅਖੰਡ ਅਖਾੜਿਆਂ ਦੇ ਖੂਬ ਰੰਗ ਬੰਨ੍ਹੇ। ਉਸਦੇ ਹੁਕਮ ਅੰਦਰ, ਹੁਣ ਉਹ ਸਮਾਂ ਵੀ ਆ ਗਿਆ ਹੈ ਜਦੋਂ ਜੱਥੇ ਵੱਲੋਂ ਇਕ ਨਗਰ ਵਿਚ ਦੋ-ਦੋ ਥਾਂ ਮੁਕਾਬਲੇਬਾਜ਼ੀ ਦੀ ਹਿੰਡ ਨਾਲ ਕੀਰਤਨੀ ਅਖਾੜੇ ਸਜਾਏ ਜਾਂਦੇ ਹਨ। ਕਦੇ ਜਥਾ ਇਕ ਹੁੰਦਾ ਸੀ ਤੇ ਬੜੇ ਪਿਆਰ ਅਤੇ ਸਤਿਗੁਰਾਂ ਦੀ ਪੂਰਨ ਭੈ-ਭਾਵਨੀ ਵਿਚ ਸਿੰਘਾਂ ਨੇ ਵਿਚਰਨਾ, ਗਲਵਕੜੀਆਂ ਵਿਚ ਮਿਲਕੇ ਗੁਰੂ ਦੀਆਂ ਗੁੰਜਾਰਾਂ ਉਠਦੀਆਂ ਹੁੰਦੀਆਂ। ਜਿਨ੍ਹਾਂ ਨੇ ਉਹਨਾਂ ਸਮਿਆਂ ਨੂੰ ਨੇੜਿਓਂ ਵੇਖਿਆ ਅਤੇ ਰੰਗ ਮਾਣਿਆ ਹੈ, ਉਹ ਅੱਜਕੱਲ੍ਹ ਦੇ ਜਥੇ ਦੇ ਸਿੰਘਾਂ ਵਿਚ ਨਾ ਉਹ ਹੁੱਬ ਦਿਸਦੀ ਹੈ ਨਾ ਰੰਗ। ਇਉਂ ਲਗਦੈ ਜਿਵੇਂ ਰੰਗਾਂ ਵਿਚ ਭੰਗ ਪੈ ਗਿਆ ਹੋਵੇ। ਰਾਮ, ਤੇਰੀ ਗੰਗਾ ਮੈਲੀ ਹੋ

***(ਬਾਕੀ ਪੰਨਾ 27 'ਤੇ)***

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਬਾਰੇ

*[(ਗੁਰਪੁਰਵਾਸੀ) ਸ. ਹਰਿਭਜਨ ਸਿੰਘ ਖਾਲਸਾ, ਕੁਰਾਲੀ]*

ਆਪ ਜੀ ਗ਼ਦਰ ਲਹਿਰ ਦੇ ਮੋਢੀ ਸਨ। ਇਨ੍ਹਾਂ ਦਾ ਨਗਰ ਨਾਰੰਗਵਾਲ ਜ਼ਿਲਾ ਲੁਧਿਆਣਾ ਖ਼ਾਸ ਗਦਰੀ ਬਾਬਿਆਂ ਦਾ ਟਿਕਾਣਾ ਸੀ। ਦੂਜਾ ਟਿਕਾਣਾ ਲੋਹਟ ਬਦੀ ਸੀ। ਭਾਈ ਨਿਧਾਨ ਸਿੰਘ, ਭਾਈ ਉੱਤਮ ਸਿੰਘ ਹਾਂਸ, ਭਾਈ ਗਾਂਧਾ ਸਿੰਘ, ਭਾਈ ਕਿਸ਼ਨ ਸਿੰਘ ਗੜਗਜ, ਬੱਬਰ ਅਕਾਲੀ ਜਿਸ ਨੇ ਬੱਬਰ ਲਹਿਰ ਜਾਰੀ ਕੀਤੀ ਸੀ। ਕਰਤਾਰ ਸਿੰਘ ਸਰਾਭਾ ਆਦਿ। ਹੋਰ ਬਹੁਤ ਸਾਰੇ ਕ੍ਰਾਂਤੀਕਾਰੀਆਂ ਦਾ ਭਾਈ ਸਾਹਿਬ ਨਾਲ ਸੰਪਰਕ ਸੀ।

ਗਦਰ ਦਾ ਦਿਨ ੨੧ ਫਰਵਰੀ ੧੯੧੫ ਰਾਤ ਦੇ ੧੨ ਵਜੇ ਨੀਅਤ ਕੀਤਾ ਗਿਆ ਪਰ ਕ੍ਰਿਪਾਲ ਸਿੰਘ ਸਿਪਾਹੀ ਜਾਸੂਸ ਨੇ ੧੫ ਫਰਵਰੀ ੧੯੧੫ ਨੂੰ ਬ੍ਰਿਟਿਸ਼ ਗੌਰਮਿੰਟ ਦੇ ਉੱਚ ਅਧਿਕਾਰੀਆਂ ਨੂੰ ਤਾਰਾਂ ਰਾਹੀਂ ਖ਼ਬਰ ਭੇਜ ਦਿੱਤੀ। ਕ੍ਰਿਪਾਲ ਸਿੰਘ ਤੇ ਸ਼ੱਕ ਪੈਣ ਦੁਆਰਾ ਤਾਰੀਖ਼ ੨੧ ਫਰਵਰੀ ਦੀ ਬਜਾਏ ੧੯ ਫਰਵਰੀ ਰੱਖੀ ਗਈ। ਇਸ ਤਾਰੀਖ ਦੀ ਕ੍ਰਿਪਾਲ ਸਿੰਘ ਨੂੰ ਭਿਣਕ ਪੈ ਗਈ। ਇਸ ਤਰੀਕ ਬਾਰੇ ਸਰਕਾਰੀ ਅਫ਼ਸਰਾਂ ਨੂੰ ਇਤਲਾਹ ਕਰ ਦਿੱਤੀ। ਗ਼ਦਰ ਦੀ ਆਸ ਅਤੇ ਭਰੋਸਾ ਫੌਜਾਂ ਦੇ ਸਿਰ ਪਰ ਹੀ ਸੀ। ਇਹ ਸਕੀਮ ਫਿਰੋਜ਼ਪੁਰ ਛਾਉਣੀ ਪਰ ਕਬਜ਼ਾ ਕਰਨਾ ਸੀ, ਜਿਸ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਭਾਈ ਉਤਮ ਸਿੰਘ ਹਾਂਸ, ਕਰਤਾਰ ਸਿੰਘ ਸਰਾਭਾ, ਭਾਈ ਈਸ਼ਰ ਸਿੰਘ ਢੁਡੀਕੇ, ਭਾਈ ਗੰਗਾ ਸਿੰਘ, ਭਾਈ ਗਾਂਧਾ ਸਿੰਘ ਸਨ। ਕਰਤਾਰ ਸਿੰਘ ਸਰਾਭਾ ਅਤੇ ਹੋਰ ਸੱਜਨ ਫ਼ੌਜ ਵਿਚ ਗਏ, ਉੱਥੋਂ ਦੇ ਹਾਲਾਤ ਦਾ ਪਤਾ ਕਰਕੇ ਆਏ। ਰਾਤ ਦਾ ਇਕ ਵੱਜ ਚੁੱਕਿਆ ਸੀ। ਪਿੰਡ ਫਤੂਵਾਲਾ ਦੇ ਲਾਗੇ ਦੇਸ਼ ਭਗਤਾਂ ਦਾ ਇਕੱਠ ਸੀ। ਉੱਥੇ ਆ ਕੇ ਸਾਰੀ ਗੱਲ ਦੱਸੀ ਉੱਥੇ ਪਿੰਡ ਜਾਣ ਦਾ ਮਤਾ ਪਾਸ ਹੋਇਆ। ਜਿਵੇਂ-ਜਿਵੇਂ ਕਿਸੇ ਨੂੰ ਰਸਤਾ ਮਿਲਿਆ ਆਪਣੇ ਆਪਣੇ ਟਿਕਾਣੇ 'ਤੇ ਚਲੇ ਗਏ। ਗੋਰੀ ਸਰਕਾਰ ਦਾ ਤਖ਼ਤ ਪਲਟਣ ਲਈ ਛਾਉਣੀਆਂ 'ਤੇ ਕਬਜ਼ਾ ਕਰਨ ਲਈ ਯੋਜਨਾ ਜੇ ਸਫਲ ਹੋ ਜਾਂਦੀ ਤਾਂ ਭਾਰਤ ਦੀ ਰੂਪ ਰੇਖਾ ਕਦੋਂ ਦੀ ਬਦਲੀ ਹੋਈ ਹੁੰਦੀ। ਪਾਕਿਸਤਾਨ ਬਣਨ ਦੀ ਸਕੀਮ ਦਾ ਸਦਾ ਲਈ ਭੋਗ ਪੈ ਜਾਂਦਾ। ਪੰਜਾਬ ਦੇ ਬਟਵਾਰੇ ਦੀ ਸਕੀਮ ਕਦੇ ਸਿਰੇ ਨ ਚੜ੍ਹਦੀ। ਇਹ ਸਕੀਮ ਸਾਰੀ ਦੀ ਸਾਰੀ ਧਰੀ ਧਰਾਈ ਰਹਿ ਗਈ।

ਦੇਸ਼ ਭਗਤ, ਗਦਰ ਸੰਗਰਾਮੀਆਂ ਗੋਰੀ ਸਰਕਾਰ ਦੀ ਖ਼ਾਸ ਕਰਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਉੱਪਰ ਕਰੜੀ ਨਜ਼ਰ ਸੀ। ਕਿਉਂਕਿ ਅੰਗਰੇਜ਼ ਸਰਕਾਰ ਦੀ ਰਕਾਬ ਗੰਜ ਦੇ ਮੋਰਚੇ ਸਮੇਂ ਪੇਸ਼ ਨਹੀਂ ਚਲੀ ਸੀ। ਕਿਉਂਕਿ ਭਾਈ ਸਾਹਿਬ ਗੁਰੂ ਸਾਹਿਬ ਰਕਾਬ ਗੰਜ ਦੇ ਮੋਰਚੇ ਸਮੇਂ ਮੋਹਰੀ ਆਗੂ ਸਨ। ਇਸ ਕਾਰਨ ਭਾਈ ਸਾਹਿਬ ਜੀ ਨੂੰ ਬਗਾਵਤ ਦੇ ਕੇਸ Defence of India ਰੂਲ ਮੁਤਾਬਕ ੯ ਮਈ ੨੦੧੫ ਨੂੰ ਨਾਭਾ ਵਿਖੇ ਗ੍ਰਿਫ਼ਤਾਰ ਕਰ ਲਿਆ ਗਿਆ। ਨਾਭਾ ਤੋਂ ਲੁਧਿਆਣਾ ਕੁਤਵਾਲੀ ਭੇਜ ਦਿੱਤੇ ਗਏ। ਭਾਈ ਸਾਹਿਬ ਅਤੇ ਹੋਰ ਸਾਥੀਆਂ ਨੂੰ ਲਾਹੌਰ ਸਾਜਿਸ਼ ਕੇਸ ਨੰਬਰ ੨ ਵਿਚ ਬਗਾਵਤ ਦੇ ਦੋਸ਼ੀ ਕਰਾਰ ਦਿੱਤੇ ਗਏ। ਕਰਤਾਰ ਸਿੰਘ ਸਰਾਭਾ, ਸ਼ਹੀਦ ਭਾਈ ਜਗਤ ਸਿੰਘ ਅਤੇ ਨੌ ਦੇਸ਼ਭਗਤਾਂ ਸਮੇਤ ਗਿਆਰਾਂ ਸੂਰਬੀਰਾਂ ਨੂੰ ਵੱਖ-ਵੱਖ ਮਹੀਨਿਆਂ ਅੰਦਰ ੧੯੧੫ ਵਿਚ ਫਾਂਸੀ ਲਾਇਆ ਗਿਆ। ਭਾਈ ਦਲੀਪ ਸਿੰਘ, ਭਾਈ ਸੁਰਜਨ ਸਿੰਘ, ਗਿਆਨੀ ਨਾਹਰ ਸਿੰਘ, ਭਾਈ ਹਰਭਜਨ ਸਿੰਘ ਚਮਿੰਡਾ (ਲੁਧਿਆਣਾ), ਭਾਈ ਕੇਸਰ ਸਿਘ ਠੱਠਗੜ, ਭਾਈ ਨਿਧਾਨ ਸਿੰਘ ਚੁੱਘਾ, ਬਾਬਾ ਸੋਹਨ ਸਿੰਘ ਭਕਨਾ ਉਮਰ ਕੈਦ (ਕਾਲਾ ਪਾਣੀ) ਜਾਇਦਾਦ ਜ਼ਬਤੀ ਦੀਆਂ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ। ਸ਼ਹੀਦ ਬਲਵੰਤ ਸਿੰਘ ੨੯ ਮਾਰਚ ੧੯੧੭ ਨੂੰ ਫਾਂਸੀ ਲਾਏ ਗਏ। ਬਾਕੀ ਸਾਰੇ ਕੈਦੀ ਲਾਹੌਰ ਸੈਂਟਰਲ ਜੇਲ੍ਹ ਵਿਚ ਰਖੇ ਗਏ। ੧੩ ਅਪ੍ਰੈਲ ੧੯੧੬ ਨੂੰ ਸਾਰੇ ਕੈਦੀ ਮੁਲਤਾਨ

ਜੇਲ੍ਹ ਵਿਚ ਭੇਜੇ ਗਏ। ਇਕ ਪਾਸੇ ਮੁਲਤਾਨ ਦੀ ਅਤਿ ਗਰਮੀ, ਦੂਜੇ ਪਾਸੇ ਖੜੀਆਂ ਬੇੜੀਆਂ, ਕਠੋਰ ਸਜ਼ਾਵਾਂ ਭੁਗਤਦਿਆਂ ਮੁੱਠੀ ਭਰ ਛੋਲਿਆਂ ਤੇ ਮਹੀਨਿਆਂ ਬੱਧੀ ਗੁਜ਼ਾਰਾ ਕੀਤਾ। ਦਸਤਾਰ, ਕਛਹਿਰੇ ਉਪਰ ਫਰੰਗੀ ਸਰਕਾਰ ਵੱਲੋਂ ਪਾਬੰਦੀ ਲਾਈ ਹੋਈ ਸੀ। ਟੋਪੀ ਅਤੇ ਤੰਬੀ ਪਹਿਨਣ ਲਈ ਮਜਬੂਰ ਕੀਤਾ ਗਿਆ। ਫਿਰ ਕੜਾਕੇ ਸ਼ੁਰੂ ਹੋ ਗਏ। ਲਗਾਤਾਰ ੪੦-੪੦ ਦਿਨ ਭੁੱਖ ਹੜਤਾਲ, ਜਿਸ ਵਿੱਚ ਜਲ-ਅੰਨ ਸੇਵਨ ਨਹੀਂ ਕੀਤਾ। ਜ਼ਾਲਮਾਂ ਨੇ ਜਬਰੀ ਖਾਣਾ ਖੁਆਉਣ ਦਾ ਕੋਝਾ ਕਮੀਨਾ ਯਤਨ ਕੀਤਾ ਪਰ ਦੰਦ ਤੁੜਵਾ ਲਏ, ਸਿਰ ਗੁੰਮੇ ਨੜੀ ਮਾਰ ਦੇ ਹਥੋਂ ਭੋਜਨ ਪਰਵਾਨ ਨਹੀਂ ਕੀਤਾ। ਡਾ. ਰਾਮ ਲਾਲ ਦੀ ਨਿਗਰਾਨੀ ਰਾਹੀਂ ਮੁਆਇਨਾ ਜਦੋਂ ਹੋਇਆ ਤਾਂ ਡਾਕਟਰ ਸਾਹਿਬ ਕਾਫੀ ਹੈਰਾਨ ਹੋ ਗਏ। ਕਹਿਣ ਲੱਗੇ ਬਿਨਾਂ ਜਲ ਬਿਨਾਂ ਅੰਨ ਤੋਂ ਜਿੰਦਾ ਰਹਿਣਾ ਬਹੁਤ ਮੁਸ਼ਕਲ ਹੈ। ਕਹਿਣ ਲੱਗੇ ਇਨ੍ਹਾਂ ਦੇ ਅੰਦਰ ਨੈਚਰਲ ਸੁਪਰ ਪਾਵਰ ਰੱਬੀ ਤਾਕਤ ਹੈ। ਇਸ ਫਲਸਰੂਪ ਟੋਪੀ ਦੀ ਥਾਂ ਦਸਤਾਰ - ਤੰਬੀ ਦੀ ਥਾਂ ਕਛਹਿਰੇ ਦਿੱਤੇ ਗਏ। ਮੁਲਤਾਨ ਜੇਲ਼ ਮਗਰੋਂ ਹਜ਼ਾਰੀ ਬਾਗ, ਰਾਜ ਮੁੰਦਰੀ ਨਾਗਪੁਰ (ਨਾਗਾ ਦੀ ਧਰਤੀ) ਅਤਿ ਕਰੜੀਆਂ ਸਜ਼ਾਵਾਂ ਤਸ਼ਦਦ, ਜ਼ੁਲਮ ਤੰਗ ਤਾਰੀਕੀ ਕਾਲ ਕੋਠੜੀਆਂ ਵਿਚ ੧੯੨੨ ਤੋਂ ੧੯੩੦ ਤੱਕ ਬੰਦ ਰਹੇ। ਆਪਣੇ ਪਿੰਡੇ ਉਪਰ ਅਕਾਲ ਪੁਰਖ ਦਾ ਭਾਣਾ ਮੰਨਣੇ ਹੋਏ ਗੁਰਬਾਣੀ ਆਸਰੇ ੧੬ ਸਾਲ ਤਕਰੀਬਨ ਬਤੀਤ ਕੀਤੇ। ਨਾਗਪੁਰ ਦੀ ਜੇਲ੍ਹ ਸਮੇਂ ਇਕ ਹੈਂਕੜਬਾਜ਼ ਗੋਰਾ ਦਰੋਗਾ ਭਾਈ ਸਾਹਿਬ ਨਾਲ ਜ਼ਬਰਦਸਤੀ ਦਸਤਾਰ-ਕਛਹਿਰਾ ਉਤਰਵਾਉਣ ਲਈ ਖੈਬੜ ਪਿਆ, ਭਾਈ ਸਾਹਿਬ ਜੀ ਨੇ ਪਿਛਾਂਹ ਧੱਕ ਕੇ ਹਟਾ ਦਿੱਤਾ। ਭੂਤਰਿਆ ਹੋਇਆ ਗੋਰਾ ਦਾਹੜੇ ਨੂੰ ਹੱਥ ਪਾਣ ਲੱਗਾ। ਭਾਈ ਸਾਹਿਬ ਨੇ ਬੀਰ ਰਸ ਵਿਚ ਆ ਕੇ ਇਕ ਹੱਥ ਗੋਰੇ ਦੇ ਗਲੇ ਨੂੰ ਨਪਕਿਆ ਦੂਜਾ ਹੱਥ ਪਟਾਂ ਵਿਚਾਲੇ ਪਾ ਕੇ ਧਰਤੀ ਉੱਪਰ ਪਟਕਾ ਕੇ ਮਾਰਿਆ। ਭਾਈ ਸਾਹਿਬ ਜੀ ਨੇ ਪਾਈਆ ਪਕੇ ਦਾ ਸਰਬ ਲੋਹ ਦਾ ਕੜਾ ਉਪਰ ਚੜਾ ਕੇ ਪਿੱਠ ਦੀ ਰੀੜ ਦੀ ਹੱਡੀ ਉਪਰ ਜ਼ੋਰ ਨਾਲ ਮਾਰਿਆ, ਗੰਡਿਆਂ ਦੀ ਮਾਰ ਘਸੁੰਨ, ਆਰਕਾ ਦੀ ਮਾਰ ਬਹੁਤ ਮਾਰੀ, ਗੋਰਾ ਹੌਕਣ ਅਤੇ ਗਿਗਿਆਣ ਲੱਗ ਪਿਆ ਵਾਸਤਾ ਰੱਬ ਦਾ ਪਾ ਕੇ ਜਾਨ ਖਲਾਸੀ ਕਰਵਾਈ। ਆਪਣੀ ਜਾਨ ਛੁੜਵਾ ਕੇ ਉਹ ਪੱਤਰਾ ਵਾਚ ਗਿਆ। ਜਦੋਂ ਪਾਦਰੀ ਸਾਹਿਬ ਨਾਗਪੁਰ ਦੀ ਜ਼ੇਲ੍ਹ ਦਾ ਮੁਆਇਆ ਕਰਨ ਲਈ ਭਾਈ ਸਾਹਿਬ ਪਾਸ ਅਮਲੇ ਸਮੇਤ ਪੁੱਜੇ ਅਤੇ ਭਾਈ ਸਾਹਿਬ ਪਾਸੋਂ ਪੁੱਛ ਕਿ ਕੀਤੀ ਤੁਸੀਂ ਕਿਤਨੇ ਸਮੇਂ ਤੋਂ ਇਸ ਕੋਠਰੀ ਵਿਚ ਬੰਦ ਹੋਏ ਹੋ। ਭਾਈ ਸਾਹਿਬ ਜੀ ਕਹਿਣ ਲੱਗੇ ਜਦੋਂ ਦਾ ਇਸ ਜੇਲ੍ਹ ਵਿਚ ਆਇਆ ਹਾਂ ਉਸ ਸਮੇਂ ਤੋਂ ਬੰਦ ਇਸੇ ਕਾਲ ਕੋਠਰੀ ਵਿਚ ਹਾਂ। ਭਾਈ ਸਾਹਿਬ ਜੀ ਦਾ ਮਸਤਕ, ਚੇਹਰਾ ਬਹੁਤ ਦਗ ਦਗ ਚਮਕਦਾ ਦੇਖਕੇ ਪਾਦਰੀ ਜੀ ਹੈਰਾਨ ਹੋਏ ਕਿ ਮੈਂ ਸਿਆਸੀ ਕੈਦੀ ਕਾਫ਼ੀ ਦੇਖੇ ਹਨ ਪਰ ਇਨ੍ਹਾਂ ਦਾ ਚੇਹਰਾ ਬਹੁਤ ਹੀ ਚਮਕਦਾਰ ਹੈ। ਪਾਦਰੀ ਸਾਹਿਬ ਆਪ ਤਜਰਬੇ ਦੇ ਤੌਰ ਤੇ ਕਾਲ ਕੋਠਰੀ ਵਿਚ ਬੰਦ ਹੋ ਕੇ ਪਰਖ ਕੀਤੀ ਪਰ ਇਕ ਘੰਟੇ ਅੰਦਰ ਇਕੱਲ ਹੌਲ ਉੱਠਣ ਕਾਰਨ ਹੁੰਦੇ ਹੁੰਦੇ ਬਾਹਰ ਨਿਕਲੇ, ਪਾਦਰੀ ਜੀ ਕਹਿਣ ਲਗੇ - ਵੈਲਵੈਲ, ਭਾਈ ਰਣਧੀਰ ਸਿੰਘ ਆਪ ਕਾ ਗੁਰੂ ਆਪ ਕੇ ਸਾਥ ਹੈ। ਪਾਦਰੀ ਸਾਹਿਬ ਨੇ ਐਲਵਿਨ, ਜੇਲ੍ਹ ਦਾ ਮੁਆਇਨਾ ਕਰਨ ਸਮੇਂ ਇਸ ਤਰ੍ਹਾਂ ਕਹਿਆ। ਹਿੰਦੁਸਤਾਨ ਵਿਚ ਇਕ ਅਜੇ ਵੀ ਸਾਧੂ ਹੈ ਜਿਸ ਨੇ ਵਾਕਈ ਰੱਬ ਨੂੰ ਵੇਖਿਆ ਹੈ। ਵਾਪਸੀ ਸਮੇਂ ਗੇਟ 'ਤੇ ਆ ਕੇ ਲਾਗ ਬੁਕ ਵਿਚ ਜੇਲ੍ਹ ਦਾ ਖਾਕਾ ਅਤਿ ਜ਼ੁਲਮ ਬਾਰੇ ੨ ਸਫੇ ਲਿਖੇ ਅਤੇ ਭਾਈ ਸਾਹਿਬ ਬਾਰੇ ਸਿਫਾਰਸ਼ ਕੀਤੀ ਨਾਲ ਹੀ ਹੋਰ ਬਹੁਤ ਕੁਝ ਭਾਈ ਸਾਹਿਬ ਜੀ ਦੇ ਹੱਕ ਵਿਚ ਲਿਖਿਆ । ੧੬ ਸਾਲ ਜੇਲ੍ਹ ਯਾਤਰਾ ਮਗਰੋਂ ਕਈ ਦਰਵਾਜ਼ੇ ਪਾਰ ਕਰਦੇ ਹੋਹੇ ੪ ਅਕਤੂਬਰ ੧੯੩੦ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚੋਂ ਰਿਹਾ ਹੋਏ। ਸ਼ਹੀਦ ਭਗਤ ਸਿੰਘ ਦੇ ਨਾਲ ੨ ਘੰਟੇ ਮੁਲਾਕਾਤ ਕਰਦੇ ਹੋਏ ਸ਼ਾਮ ਦੇ ੮ ਵਜੇ ਜੇਲ੍ਹ ਤੋਂ ਨਿਕਾਸੀ ਹੋਈ।

ਇਸ ਮਹਾਨ ਰੱਜੇ ਪੁੰਜੇ ਪਰਿਵਾਰ ਦਾ ਜੋਧਾ ਜਰਨੈਲ ਪੂਰਨ ਖ਼ਾਲਸਈ ਰਹਿਤ ਬਹਿਤ ਕਰਨੀ ਕਥਨੀ ਦੇ ਪੂਰੇ ਦੇਸ਼ ਦੀ ਆਜ਼ਾਦੀ ਦੇ ਪਰਵਾਨੇ, ਸਰਬਲੋਹ ਦਾ ਧਾਰਨੀ ਸੋਨ ਚਿੜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ੧੦੦ ਸਾਲਾ ਦੇਸ਼ ਦੀ ਆਜ਼ਾਦੀ ਲਈ ਗ੍ਰਿਫ਼ਤਾਰੀ ੯ ਮਈ ੧੯੧੫ ਤੋਂ ੯ ਮਈ ੨੦੧੫ ਤੀਕ ਖ਼ਾਲਸਾ ਪੰਥ ਧਾਰਮਿਕ ਕਮੇਟੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਖੰਡ ਕੀਰਤਨੀ ਜਥਿਆਂ ਵੱਲੋਂ ਬੜੇ ਉਤਸ਼ਾਹ ਅਤੇ ਜੋਸ਼-ਖਰੋਸ਼ ਨਾਲ, ਬਹੁਤ ਵੱਡੇ ਆਕਾਰ ਵਿੱਚ ਸਵਤੰਤਰ ਸੰਗਰਾਮੀਏ ਦੀ ਯਾਦ ਵਿੱਚ ਕੁਰਾਲੀ-ਰੋਪੜ ਵਿਖੇ ਆਜ਼ਾਦੀ ਦੀ ਲਹਿਰ ਬਾਰੇ ਮਨਾਈ ਗਈ।

ਸ਼ਬਦ ਸੁਰਤਿ ਅਤੇ ਨਾਮ ਬਾਣੀ ਵਿਚ ਰੰਗੀ ਹੋਈ ਰੂਹ ਹੋਣ ਕਰਕੇ ਆਤਮਿਕ ਸ਼ਕਤੀ ਦੇ ਸਹਾਰੇ ਆਪ ਜੀ ਨੇ ਸਭ ਪੁਰਾਤਨ ਗੁਰ ਸਿੱਖਾਂ ਵਾਂਗ ਅਡੋਲ ਰਹਿੰਦਿਆਂ ਬੇਅੰਤ ਦੁਖ

*(ਬਾਕੀ ਪੰਨਾ 13 'ਤੇ)*

# ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ?

*[ਸ. ਕੁਲਦੀਪ ਸਿੰਘ ਜੀ, ਨਵੀਂ ਦਿੱਲੀ]*

ਖ਼ਾਲਸੇ ਦੀ ਤਿੰਨ ਸੌ ਸਾਲਾ ਯਾਦ ਮਨਾਉਣ ਤੋਂ ਪਹਿਲਾਂ, ਇਹ ਲਕਸ਼ ਦਿੱਤਾ ਗਿਆ ਸੀ ਕਿ ਸੰਨ 1999 ਤਕ ਹਰ ਸਿੱਖ ਨੂੰ ਅੰਮ੍ਰਿਤਧਾਰੀ ਬਣਾਇਆ ਜਾਵੇਗਾ। ਇਹ ਲਕਸ਼ ਪੂਰਾ ਨਹੀਂ ਹੋ ਸਕਿਆ ਸਗੋਂ ਪਤਿਤਪੁਣਾ ਵਧਿਆ ਹੈ। ਜੋ ਅੰਮ੍ਰਿਤ ਛਕ ਚੁੱਕੇ ਹਨ, ਉਹ ਵੀ ਰਹਿਤ ਮਰਿਆਦਾ ਵਿਚ ਪ੍ਰਪੱਕ ਨਹੀਂ ਹਨ।

ਅੰਮ੍ਰਿਤ-ਅਭਿਲਾਸ਼ੀਆਂ ਨੂੰ ਜੀਵਨ ਵਾਲੇ ਜਗੇ ਹੋਏ ਪਿਆਰਿਆਂ ਤੋਂ ਗੁਰਮਤਿ ਵਿਧੀ ਅਨੁਸਾਰ ਅੰਮ੍ਰਿਤ ਛਕਾਇਆ ਜਾਵੇ ਤਾਂ ਅੰਮ੍ਰਿਤ ਕਲਾ ਸਪੱਸ਼ਟ ਦਿਸਦੀ ਹੈ। ਪਰੰਤੂ ਵੇਖਣ ਵਿਚ ਆਇਆ ਹੈ ਕਿ ਨਵੇਂ ਅੰਮ੍ਰਿਤ-ਅਭਿਲਾਸ਼ੀ ਬਹੁਤ ਘੱਟ ਹੁੰਦੇ ਹਨ, ਬਹੁਤ ਗਿਣਤੀ ਵਿਚ ਉਹ ਗੁਰਸਿੱਖ ਹੁੰਦੇ ਜੋ ਆਪਣੀਆਂ ਭੁੱਲਾਂ ਬਖ਼ਸ਼ਾਉਣ ਲਈ ਦੋਬਾਰਾ ਤਿਬਾਰਾ ਛਕਦੇ ਹਨ ਜਾਂ ਕਈ ਵਾਰ ਦੋ ਦੋ ਤਿੰਨ ਤਿੰਨ ਸਾਲ ਦੇ ਬੱਚਿਆਂ ਨੂੰ ਅੰਮ੍ਰਿਤ ਛਕਾ ਦਿੱਤਾ ਜਾਂਦਾ ਹੈ ਜਦੋਂ ਕਿ ਉਨ੍ਹਾਂ ਨੂੰ ਪੂਰਨ ਤੌਰ ’ਤੇ ਹੋਸ਼ ਨਹੀਂ ਹੁੰਦੀ ਤੇ ਅੰਮ੍ਰਿਤ ਦੀ ਸਾਰ ਹੀ ਨਹੀਂ ਜਾਣਦੇ ਹੁੰਦੇ। ਅੰਮ੍ਰਿਤ ਛਕਾਉਣ ਤੋਂ ਪਹਿਲਾਂ ਦੱਸਣਾ ਚਾਹੀਦਾ ਹੈ ਕਿ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ? ਕਿਹੜੀ ਕਿਹੜੀ ਰਹਿਤ ਰੱਖਣੀ ਜ਼ਰੂਰੀ ਹੈ? ਅੰਮ੍ਰਿਤ ਛਕਾਉਣ ਦਾ ਮਨੋਰਥ ਕੀ ਹੈ?

## ਅੰਮ੍ਰਿਤ ਕੀ ਹੈ?

ਅੰਮ੍ਰਿਤ ਸ਼ਬਦ ਦਾ ਪਦ-ਛੇਦ ਕਰ ਕੇ ਅਰਥ ਸਪੱਸ਼ਟ ਹੋ ਜਾਣਗੇ। ਅੰਮ੍ਰਿਤ = ਅ+ਮ੍ਰਿਤੂ ਭਾਵ ਮ੍ਰਿਤੂ ਰਹਿਤ ਅਜਿਹਾ ਪਦਾਰਥ ਜਿਸਦੇ ਸੇਵਨ ਕਰਨ ਨਾਲ ਵਿਅਕਤੀ ਅਮਰ ਹੋ ਜਾਂਦਾ ਹੈ, ਉਸਨੂੰ ਅੰਮ੍ਰਿਤ ਕਿਹਾ ਜਾਂਦਾ ਹੈ। ਅੰਮ੍ਰਿਤ ਛਕ ਕੇ ਮਨੁੱਖ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਪਾ ਲੈਂਦਾ ਹੈ। ਗੁਰਬਾਣੀ ਰਾਹੀਂ ਸਪੱਸ਼ਟਤਾ ਇਉਂ ਹੁੰਦੀ ਹੈ -

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ,***
***ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਅੰਗ - 538***

***ਅੰਮ੍ਰਿਤ ਨਾਮੁ ਪਰਮੇਸੁਰ ਤੇਰਾ***
***ਜੋ ਸਿਮਰੈ ਸੋ ਜੀਵੈ॥ ਅੰਗ - 616***

***ਅੰਮ੍ਰਿਤੁ ਨਾਮੁ ਤੁਮਾਰਾ ਠਾਕੁਰ***
***ਏਹੁ ਮਹਾ ਰਸੁ ਜਨਹਿ ਪੀਓ॥***
***ਜਨਮ ਜਨਮ ਚੂਕੇ ਭੈ ਭਾਰੇ,***
***ਦੁਰਤੁ ਬਿਨਾਸਿਓ ਭਰਮੁ ਬੀਓ॥ ਅੰਗ - 382***

***ਅੰਮ੍ਰਿਤ ਨਾਮੁ ਸਦਾ ਨਿਰਮਲੀਆ॥***
***ਸੁਖਦਾਈ ਦੂਖ ਬਿਡਾਰਨ ਹਰੀਆ॥ ਅੰਗ-100***

ਉਪਰੋਕਤ ਪਰਮਾਣਾਂ ਤੋਂ ਸਿੱਧ ਹੁੰਦਾ ਹੈ ਕਿ ਅੰਮ੍ਰਿਤ ਜੋ ਅਮਰ ਕਰਨ ਦੀ ਸ਼ਕਤੀ ਰੱਖਦਾ ਹੈ, ਉਹ ਗੁਰ-ਸ਼ਬਦ ਹੈ ਜਾਂ ਪਰਮੇਸ਼ਰ ਦਾ ਨਾਂ ਹੈ। ਅੰਮ੍ਰਿਤ ਗੁਰਮਤਿ ਵਿਚ ਸ਼ਾਮਲ ਹੋਣ ਲਈ ਮਾਧਿਅਮ ਹੈ। ਇਸਦੇ ਨਾਲ ਦੁਖ ਦੂਰ ਹੁੰਦੇ ਹਨ ਤੇ ਪਾਪਾਂ ਤੇ ਸੰਤਾਪਾਂ ਦੇ ਜੀਵਨ ਦਾ ਅੰਤ ਹੋ ਜਾਂਦਾ ਹੈ ਤੇ ਨਿਰਮਲ ਜੀਵਨ ਮਿਲਦਾ ਹੈ।

ਸਫਲ ਜੀਵਨ ਲਈ ਤਨ ਤੇ ਮਨ ਦੋਹਾਂ ਦਾ ਅਰੋਗ ਹੋਣਾ ਜ਼ਰੂਰੀ ਹੈ। ਅਸੀਂ ਸਰੀਰ ਨੂੰ ਸਾਫ਼ ਰੱਖਣ ਲਈ ਬਹੁਤ ਯਤਨ ਕਰਦੇ ਹਾਂ, ਚੰਗੇ ਤੋਂ ਚੰਗਾ ਸਾਬਣ ਤੇ ਚੰਗੇ ਤੋਂ ਚੰਗਾ ਤੇਲ ਵਰਤਦੇ ਹਾਂ ਤੇ ਹਰ ਰੋਜ਼ ਇਸ਼ਨਾਨ ਕਰਦੇ ਹਾਂ ਪਰੰਤੂ ਸਾਡਾ ਮਨ ਬਹੁਤ ਮੈਲਾ ਹੋ ਚੁੱਕਾ ਹੈ, ਕਾਲਾ ਸਿਆਹ ਹੋ ਗਿਆ ਹੈ ਪਰੰਤੂ ਉਸਨੂੰ ਕਦੇ ਸਾਫ਼ ਕਰਨ ਦਾ ਯਤਨ ਨਹੀਂ ਕਰਦੇ। ਗੁਰੂ ਨਾਨਕ ਦੇਵ ਜੀ ਮਨ ਨੂੰ ਸਾਫ਼ ਕਰਨ ਦਾ ਢੰਗ ਦੱਸਦੇ ਹਨ ਕਿ -

***ਭਰੀਐ ਹਥੁ ਪੈਰੁ ਤਨੁ ਦੇਹ॥***

***(ਬਾਕੀ ਪੰਨਾ 14 ’ਤੇ)***

***ਪਾਣੀ ਧੋਤੈ ਉਤਰਸੁ ਖੇਹ॥***
***ਮੂਤ ਪਲੀਤੀ ਕਪੜੁ ਹੋਇ॥***
***ਦੇ ਸਾਬੂਣੁ ਲਈਐ ਓਹੁ ਧੋਇ॥***
***ਭਰੀਐ ਮਤਿ ਪਾਪਾ ਕੈ ਸੰਗਿ॥***
***ਓਹੁ ਧੋਪੈ ਨਾਵੈ ਕੈ ਰੰਗਿ॥*** ***ਅੰਗ - 4***

ਮਨੁੱਖੀ ਮਨ ਬਹੁਤ ਚੰਚਲ ਹੈ। ਇਹ ਦੁਨਿਆਵੀ ਪਦਾਰਥਾਂ ਵੱਲ ਭੱਜਦਾ ਹੈ। ਇਹ ਮਿੱਠੀਆਂ ਵਸਤੂਆਂ ਵੱਲ ਭੱਜਦਾ ਹੈ। ਇਹ ਚਲਾਇਮਾਨ ਵਸਤੂਆਂ ਵੱਲ ਭੱਜਦਾ ਹੈ ਤੇ ਜਦੋਂ ਉਹ ਵਸਤੂ ਹੱਥ ਨਹੀਂ ਆਉਂਦੀ ਤੇ ਤ੍ਰਿਸ਼ਨਾ ਬਹੁਤ ਹੱਦ ਤਕ ਵਧ ਜਾਂਦੀ ਹੈ ਤਾਂ ਇਹ ਖਪਦਾ ਹੈ, ਕੁਰਲਾਂਦਾ ਹੈ। ਇਹ ਮਨੁੱਖ ਨਹੀਂ ਜਾਣਦਾ ਕਿ ਜਦੋਂ ਇਹ ਆਇਆ ਸੀ ਤਾਂ ਕੀ ਲੈ ਕੇ ਆਇਆ ਸੀ ਤੇ ਜਦੋਂ ਇਥੋਂ ਜਾਵੇਗਾ ਤਾਂ ਇਸ ਸੰਸਾਰ ਵਿੱਚੋਂ ਕੀ ਲੈ ਕੇ ਜਾਵੇਗਾ? ਇਹ ਧਨ-ਪਦਾਰਥ, ਕੋਠੀਆਂ ਕਾਰਾਂ ਸਭ ਇਥੇ ਹੀ ਰਹਿ ਜਾਣਗੀਆਂ। ਇਹ ਪੁੱਤਰ ਧੀਆਂ, ਪੋਤਰੇ ਦੋਹਤੇ, ਪਤੀ ਪਤਨੀ ਰਿਸ਼ਤੇਦਾਰ ਸੰਬੰਧੀ ਇਥੇ ਹੀ ਰਹਿ ਜਾਣਗੇ ਤੇ ਸਰੀਰ ਨੂੰ ਇਕੱਲਾ ਜਾਣਾ ਪਵੇਗਾ। ਜਦੋਂ ਅੱਖਾਂ ਮੀਟੀਆਂ, ਸਭ ਕੁਝ ਬੇਗਾਨਾ ਹੋ ਜਾਣਾ ਹੈ। ਹੇ ਮਨੁੱਖ! ਤੇਰੇ ਹੱਥ ਪੱਲੇ ਕੁਝ ਨਹੀਂ ਰਹੇਗਾ। ਤੂੰ ਹੱਥ ਮਲ ਰਿਹਾ ਹੋਵੇਂਗਾ ਤੇ ਪਛਤਾ ਰਿਹਾ ਹੋਵੇਂਗਾ। ਹੇ ਮਨੁੱਖ! ਕਦੇ ਸੋਚਿਐ ਕਿ ਪ੍ਰਭੂ ਦੀ ਦਰਗਾਹ ਵਿਚ ਲੇਖਾ ਮੰਗਿਆ ਜਾਵੇਗਾ ਤਾਂ ਕੀ ਜਵਾਬ ਦੇਵੇਂਗਾ।

ਅੰਮ੍ਰਿਤ ਇਕ ਇਲਾਹੀ ਦਾਤ ਹੈ। ਇਹ ਹਰ ਕਿਸੇ ਨੂੰ ਨਹੀਂ ਮਿਲਦੀ। ਇਹ ਦਾਤ ਉਨ੍ਹਾਂ ਭਾਗਸ਼ਾਲੀ ਵਿਅਕਤੀਆਂ ਨੂੰ ਮਿਲਦੀ ਹੈ ਜਿਨ੍ਹਾਂ ਉੱਤੇ ਸਤਿਗੁਰੂ ਦੀ ਕਿਰਪਾ ਹੁੰਦੀ ਹੈ। ਇਸ ਅੰਮ੍ਰਿਤ ਦੀ ਪ੍ਰਾਪਤੀ ਲਈ ਦੇਵੀਆਂ-ਦੇਵਤੇ, ਰਿਸ਼ੀ-ਮੁਨੀ, ਸਿੱਧ-ਜੋਗੀ ਤੇ ਜਤੀ ਸਤੀ ਪੂਰੀ ਉਮਰ ਯਤਨ ਕਰਦੇ ਰਹੇ ਪਰੰਤੂ ਪ੍ਰਾਪਤ ਨਹੀਂ ਕਰ ਸਕੇ। ਗੁਰੂ ਅਮਰਦਾਸ ਜੀ ਅਨੰਦੁ ਸਾਹਿਬ ਵਿਚ ਫੁਰਮਾਂਦੇ ਹਨ -

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ,***
***ਸੁ ਅੰਮ੍ਰਿਤੁ ਗੁਰ ਤੇ ਪਾਇਆ॥***
***ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ,***
***ਸਚਾ ਮਨਿ ਵਸਾਇਆ॥*** ***ਅੰਗ - 918***

ਅੰਮ੍ਰਿਤ ਛਕ ਕੇ ਮਨੁੱਖ ਦੇ ਪਾਪਾਂ ਤੇ ਸੰਤਾਪਾਂ ਦੇ ਜੀਵਨ ਦਾ ਅੰਤ ਹੋ ਜਾਂਦਾ ਹੈ ਤੇ ਨਵੇਂ ਜੀਵਨ ਦਾ ਆਰੰਭ ਹੋ ਜਾਂਦਾ ਹੈ। ਅੰਮ੍ਰਿਤਧਾਰੀ ਭੈੜੇ ਕਰਮ ਛੱਡ ਕੇ ਚੰਗੇ ਕੰਮ ਕਰਨ ਲੱਗ ਜਾਂਦਾ ਹੈ। ਉਸਦਾ ਜੀਵਨ ਸੇਵਾ ਤੇ ਉਪਕਾਰ ਵਾਲਾ ਬਣ ਜਾਂਦਾ ਹੈ।

ਖ਼ਾਲਸਾ ਪੰਥ ਦੀ ਮਹਾਨਤਾ ਉਸਦੇ ਜੀਵਨ ਤੇ ਸਵਰੂਪ ਦੇ ਸੁਮੇਲ ਕਾਰਨ ਹੈ। ਖ਼ਾਲਸਾ ਹਮੇਸ਼ਾ ਕੁਦਰਤੀ ਰੂਪ ਵਿਚ ਰਹਿੰਦਾ ਹੈ। ਕੇਸ, ਸਰੀਰ ਦੇ ਜਿਸ ਜਿਸ ਭਾਗ ਉੱਤੇ ਹਨ ਵੈਸੇ ਦਾ ਵੈਸਾ ਰੱਖਦਾ ਹੈ, ਕੱਟਦਾ ਨਹੀਂ। ਉਹ ਕੁਦਰਤ ਵੱਲੋਂ ਦਿੱਤੀ ਅਮਾਨਤ ਵਿਚ ਖਿਆਨਤ ਨਹੀਂ ਕਰਦਾ। ਕਿਸੇ ਕਵੀ ਨੇ ਕਿਹਾ ਹੈ -

*ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।*

ਗੁਰਬਾਣੀ ਵਿਚ ਵੀ "ਸਾਬਤ ਸੂਰਤਿ ਦਸਤਾਰ ਸਿਰਾ" ਲਿਖਿਆ ਹੈ।

---

### *(ਪੰਨਾ 11 ਦੀ ਬਾਕੀ)*

ਝਲੇ ਪਰ ਧਰਮ ਨਹੀਂ ਹਾਰਿਆ ਅਤੇ ਸਿੱਖੀ ਸਿਦਕ ਤੋਂ ਨਾ ਡੋਲੇ।

੧੫ ਅਗਸਤ ੧੯੪੭ ਨੂੰ ਹਿੰਦੁਸਤਾਨ ਆਜ਼ਾਦ ਹੋਇਆ। ਆਜ਼ਾਦੀ ਮਗਰੋਂ ਜਦੋਂ ਪੰਜਾਬ ਵਿਚ ਸ. ਪ੍ਰਤਾਪ ਸਿੰਘ ਕੈਰੋਂ ਚੀਫ਼ ਮਨਿਸਟਰ ਦੀ ਪਦਵੀ 'ਤੇ ਬਿਰਾਜਮਾਨ ਹੋਏ। ਉਸ ਸਮੇਂ ਪ੍ਰਤਾਪ ਸਿੰਘ ਕੈਰੋਂ, ਗਿਆਨ ਸਿੰਘ ਰਾੜੇਵਾਲਾ ਅਤੇ ਮਹਾਰਾਜਾ ਯਾਦਵਿੰਦਰ ਸਿੰਘ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪਾਸ ਪੁੱਜੇ, ਕਹਿਣ ਲੱਗੇ ਤੁਸੀਂ ਆਪਣੇ ਵੱਲੋਂ ਦਰਖ਼ਾਸਤ ਲਿਖ ਕੇ ਦਿਉ ਕਿ ਆਪ ਜੀ ਨੂੰ ਸਵਤੰਤਰ ਸੰਗਰਾਮੀਏ ਦੀ ਪੈਨਸ਼ਨ ਅਤੇ ਬਣਦਾ ਪੈਸਾ, ਜ਼ਮੀਨ ਜਾਇਦਾਦ ਜ਼ਬਤੀ ਵਾਪਸ ਕੀਤੀ ਜਾਵੇ।

ਭਾਈ ਸਾਹਿਬ ਜੀ ਨੇ ਇਉਂ ਉੱਤਰ ਦਿੱਤਾ ਕਿ ਦੇਸ਼ ਦੀਆਂ ਗੁਲਾਮੀ ਦੀਆਂ ਜੰਜ਼ੀਰਾਂ ਕੱਟਣਾ, ਦੇਸ਼ ਆਜ਼ਾਦ ਕਰਵਾਉਣਾ, ਦਸਮ ਪਾਤਸ਼ਾਹ ਦੇ ਆਸ਼ੇ ਅਨੁਸਾਰ ਕੀਤਾ ਹੈ ਅਸੀਂ ਆਪਣਾ ਫਰਜ਼ ਨਿਭਾਇਆ ਹੈ। ਕਿਸੇ ਪਰ ਅਹਿਸਾਨ ਨਹੀਂ ਕੀਤਾ। ਅਸੀਂ ਕੋਈ ਦਰਖਾਸਤ ਲਿਖ ਕੇ ਨਹੀਂ ਦੇਣੀ ਨਾ ਪੈਸਾ ਨਾ ਹੀ ਪੈਨਸ਼ਨ, ਜ਼ਮੀਨ, ਜਾਇਦਾਦ ਦੀ ਵਾਪਸੀ ਹੀ ਲੈਣੀ ਹੈ। ਕਿਸੇ ਕਿਸਮ ਦੀ ਚਾਹਨਾ ਨਹੀਂ ਹੈ। ਭਾਈ ਸਾਹਿਬ ਜੀ ਦੇ ਇਹ ਅੱਖਰ ਕਹੇ ਹੋਏ ਤਿੰਨ ਮਹਾਨ ਸਖਸ਼ੀਅਤਾਂ ਸੁਣ ਕੇ ਹੈਰਾਨ ਰਹਿ ਗਏ। ੧੬ ਅਪ੍ਰੈਲ ੧੯੬੧ ਸੰਨ ਤੀਕ ਇੰਡੀਆ ਗੌਰਮਿੰਟ ਪਾਸੋਂ ਫੁੱਟੀ ਕੌਡੀ ਨਹੀਂ ਲਈ। ਇੰਡੀਆ ਗੌਰਮਿੰਟ ਨੇ ਜਾਇਦਾਦ ਆਪਣੇ ਆਪ ਵਾਪਸ ਕਰ ਦਿੱਤੀ ਸੀ।

# ਖਾਲਸਾ ਪੰਥ ਦੀ ਸਾਜਨਾ

*[ਪ੍ਰੋਫੈਸਰ ਗੁਰਬਖਸ਼ ਸਿੰਘ ਜੀ, ਲੁਧਿਆਣਾ]*

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਔਰੰਗਜ਼ੇਬੀ ਹੁਕਮ ਨਾਲ ਚਾਂਦਨੀ ਚੌਕ ਵਿਖੇ ੧੧ ਨਵੰਬਰ ੧੬੭੫ ਵੀਰਵਾਰ ਨੂੰ ਦਿਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਕਾਫੀ ਸਮੇਂ ਤਕ ਸਤਿਗੁਰੂ ਜੀ ਦਾ ਸੀਸ ਤੇ ਧੜ ਉਥੇ ਹੀ ਪਏ ਰਹੇ। ਸ਼ਾਹੀ ਜੁਲਮ ਦੇ ਡਰ ਤੋਂ ਕਿਸੇ ਵਿਚ ਇਤਨੀ ਹਿੰਮਤ ਨਹੀਂ ਸੀ ਜੋ ਅਗੇ ਵਧ ਕੇ ਕਹਿੰਦਾ ਕਿ ਮੈਂ ਸਤਿਗੁਰਾਂ ਦਾ ਸਿੱਖ ਹਾਂ ਅਤੇ ਸਤਿਗੁਰਾਂ ਦੇ ਸਰੀਰ ਦੀ ਇਹ ਬੇਅਦਬੀ ਮੈਂ ਸਹਿਣ ਨਹੀਂ ਕਰ ਸਕਦਾ। ਭਾਵੇਂ ਬਾਅਦ ਵਿਚ ਲਖੀ ਸ਼ਾਹ ਵਣਜਾਰਾ ਅਤੇ ਰੰਗਰੇਟਾ ਵੀਰ ਭਾਈ ਜੈਤਾ ਜੀ ਧੜ ਅਤੇ ਸੀਸ ਉਥੋਂ ਲੈ ਗਏ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀਆਂ ਦੀ ਮਿੱਟੀ ਵਿਚ ਰੁਲ ਰਹੀ ਅਣਖ ਨੂੰ ਉਭਾਰਨ ਲਈ ਅਤੇ ਮਰ ਚੁਕੀ ਆਤਮਾ ਨੂੰ ਸੁਰਜੀਤ ਕਰਨ ਲਈ ਇਕ ਐਸੇ ਪੰਥ ਦੀ ਸਾਜਨਾ ਦਾ ਪ੍ਰੋਗਰਾਮ ਬਣਾਇਆ ਜੋ ਕਰੋੜਾਂ ਵਿਚ ਪਛਾਣਿਆ ਜਾ ਸਕੇ ਅਤੇ ਗੁਰੂ ਕਾ ਸਿੱਖ ਹੋਣ ਤੋਂ ਇਨਕਾਰ ਨਾ ਕਰ ਸਕੇ।

ਸੋ ਦਸਮੇਸ਼ ਪਿਤਾ ਜੀ ਨੇ ੧੬੯੯ ਈਸਵੀ ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਦੇ ਅਸਥਾਨ ਤੇ ਐਸੇ ਅਣਖੀਲੇ ਤੇ ਬਲੀ ਆਤਮਾ ਵਾਲੇ ਖਾਲਸੇ ਦੀ ਸਿਰਜਨਾ ਕੀਤੀ । ਦੇਸ਼ ਭਰ ਵਿਚ ਗੁਰੂ ਦੇ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦਿਆ, ਤਾਂ ਜੋ ਇਸ ਸਮੇਂ ਹੋਣ ਵਾਲੀ ਪ੍ਰੀਖਿਆ ਤੋਂ ਕੋਈ ਵਾਂਝਿਆਂ ਨਾ ਰਹਿ ਜਾਏ।

ਵਿਸਾਖੀ ਦੇ ਦਿਨ ਅਨੰਦਪੁਰ ਸਾਹਿਬ ਵਿਖੇ ਭਾਰੀ ਰੌਣਕਾਂ ਸਨ। ਜਿਧਰ ਨਜ਼ਰ ਮਾਰੋ, ਤੰਬੂ ਹੀ ਤੰਬੂ ਵਿਖਾਈ ਦਿੰਦੇ ਸਨ। ਸਾਰੇ ਦੇਸ਼ ਤੋਂ ਸੰਗਤਾਂ ਹੁਮ-ਹੁਮਾ ਕੇ ਪੁੱਜੀਆਂ ਸਨ। ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਸੀ। ਪੰਡਾਲ ਭਰਿਆ ਹੋਇਆ ਸੀ। ਕੀਰਤਨ ਦੀ ਸਮਾਪਤੀ ਹੋਈ ਤਾਂ ਨਾਲ ਦੇ ਤੰਬੂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਸਾਹਿਬ ਹੱਥ ਵਿਚ ਫੜ ਕੇ ਬਾਹਰ ਆਏ। ਉਨ੍ਹਾਂ ਦੇ ਚੇਹਰੇ ਤੇ ਅਨੋਖਾ ਜਲਾਲ ਸੀ। ਮਸਤਕ ਦਾ ਤੇਜ ਲਿਆ ਨਹੀਂ ਸੀ ਜਾਂਦਾ। ਅਚਾਨਕ ਸਾਰੇ ਪੰਡਾਲ ਵਿਚ ਇਕ ਗਰਜ਼ ਸੁਣਾਈ ਦਿੱਤੀ। ਸਤਿਗੁਰੂ ਜੀ ਕਹਿ ਰਹੇ ਸਨ : 'ਮੇਰੀ ਇਹ ਤਲਵਾਰ ਖੂਨ ਦੀ ਪਿਆਸੀ ਹੈ, ਹੈ ਕੋਈ ਗੁਰੂ ਕਾ ਲਾਲ ਜੋ ਇਸ ਦੀ ਪਿਆਸ ਬੁਝਾ ਸਕੇ'।

ਸਾਰੇ ਪੰਡਾਲ ਵਿਚ ਸੱਨਾਟਾ ਛਾ ਗਿਆ। ਸਤਿਗੁਰਾਂ ਨੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਨਜ਼ਰ ਮਾਰੀ। ਸਾਰੀਆਂ ਸੰਗਤਾਂ ਸਿਰ ਝੁਕਾਈ ਬੈਠੀਆਂ ਸਨ। ਦੂਜੀ ਵਾਰ ਫਿਰ ਅਵਾਜ਼ ਗੂੰਜੀ, ਤੀਜੀ ਵਾਰ ਫਿਰ।

ਦੂਰੋਂ ਇਕ ਗੁਰੂ ਕਾ ਸਿੱਖ ਉਠਿਆ। ਤੇਜ਼ੀ ਨਾਲ ਅਗੇ ਵਧਿਆ ਤੇ ਆਣ ਕੇ ਸਤਿਗੁਰਾਂ ਦੇ ਚਰਨਾਂ ਤੇ ਸੀਸ ਰੱਖ ਦਿੱਤਾ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ। ਤਲਵਾਰ ਚੱਲਣ ਦੀ ਅਵਾਜ਼ ਤੇ ਤੰਬੂ ਤੋਂ ਬਾਹਰ ਵਗਦੀ ਖੂਨ ਦੀ ਧਾਰ ਨੇ ਕਮਜ਼ੋਰ ਦਿਲਾਂ ਨੂੰ ਹਿਲਾ ਦਿੱਤਾ। ਗੁਰੂ ਸਾਹਿਬ ਬਾਹਰ ਆਏ, ਫਿਰ ਉਸੇ ਤਰਾਂ ਦੀ ਅਵਾਜ਼ ਗੂੰਜੀ। ਇਕ ਹੋਰ ਸਿੱਖ ਉਠਿਆ, ਫਿਰ ਤੀਜੀ ਵਾਰ ਹੋਰ ਉਠਿਆ, ਚੌਥੀ ਵਾਰ ਇਕ ਹੋਰ ਤੇ ਪੰਜਵੀਂ ਵਾਰ ਇਕ ਹੋਰ। ਪੰਜਾਂ ਸਿੱਖਾਂ ਨੇ ਆਪਣੇ ਆਪ ਨੂੰ ਸਤਿਗੁਰਾਂ ਦੇ ਚਰਨਾਂ ਵਿਚ ਅਰਪਣ ਕਰ ਦਿੱਤਾ। ਇਹ ਸਨ ਭਾਈ ਦਇਆ ਰਾਮ (ਲਾਹੌਰ), ਭਾਈ ਧਰਮ ਦਾਸ (ਦਿੱਲੀ), ਭਾਈ ਹਿੰਮਤ ਰਾਇ (ਜਗਨਨਾਥ ਪੁਰੀ), ਭਾਈ ਮੋਹਕਮ ਚੰਦ (ਦਵਾਰਕਾ), ਤੇ ਭਾਈ ਸਾਹਿਬ ਚੰਦ (ਬਿਦਰ)। ਇਹ ਇਕ ਅਨੋਖੀ ਖੇਡ ਸੀ ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ ਵੀਰਾਂ ਨੂੰ ਨਵਾਂ ਜੀਵਨ ਦਿਤਾ, ਅੰਮ੍ਰਿਤ ਦੀ ਦਾਤ ਦੇ ਕੇ ਪੰਜ ਪਿਆਰਿਆਂ ਦਾ ਸਨਮਾਨ ਬਖ਼ਸ਼ਿਆ ਅਤੇ ਆਪਣਾ ਰੂਪ ਬਣਾ ਦਿਤਾ, ਤੇ ਇਹਨਾਂ ਤੋਂ ਹੀ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਬਣੇ।

**(ਬਾਕੀ ਪੰਨਾ 18 'ਤੇ)**

# ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*

ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਜੀ ਨੂੰ ਅਨੇਕਾਂ ਖੰਡੇ-ਖੜਗੇਸ਼ੀ, ਤੇਜ ਪ੍ਰਤਾਪੀ, ਤੇਜੱਸਵੀ ਨਾਵਾਂ ਨਾਲ ਸੰਕੇਤ ਕੀਤਾ ਹੈ। ਜੈਸਾ ਕਿ

ਅਸਿ ਧੁਜ ਜੀ, ਸ੍ਰੀ ਕਾਲ ਜੀ, 'ਖੜਗ ਕੇਤ ਜੀ, ਅਸਿਪਾਨ ਜੀ, ਖੜਗੇਸ਼ ਜੀ, ਮਹਾਂ ਕਾਲ ਜੀ, ਆਦਿਕ ਅਨੇਕਾਂ ਨਾਮ ਸ੍ਰੀ ਦਸਮੇਸ਼ ਮੁਖਵਾਕ ਬਾਣੀ ਬਚਿੱਤ੍ਰ ਨਾਟਕ ਵਿਖੇ ਆਉਂਦੇ ਹਨ ਅਤੇ ਕਿਤੇ ਵੀ ਦੇਵੀ ਦੇ ਅਰਥਾਂ ਵਿਚ 'ਭਗਉਤੀ' ਪਦ ਨੂੰ ਨਹੀਂ ਵਰਤਿਆ। ਸ੍ਰੀ ਅਕਾਲ ਪੁਰਖ ਜੀ ਖੜਗਕੇਤ ਪਾਸੋਂ ਖੰਡੇ-ਖੜਗੇਸ਼ੀ ਨਾਮ ਦੀ ਦੀਖਿਆ ਲੈ ਕੇ ਜਦੋਂ ਦੁਰਗਾ ਨੇ ਹੱਥ ਵਿਚ ਭਗਉਤੀ (ਸ੍ਰੀ ਸਾਹਿਬ) ਫੜੀ ਤਾਂ ਸਰਬੱਤ੍ਰ ਦੈਤਾਂ ਰਾਖਸ਼ਾਂ ਦਾ ਦਾਹ (ਨਾਸ) ਹੋਇਆ। ਜੈਸਾ ਕਿ -

*ਤੈ ਹੀ ਦੁਰਗਾ ਸਾਜਿ ਕੈ ਦੈਤਾਂ ਦਾ ਨਾਸੁ ਕਰਾਇਆ॥੨॥*
***ਚੰਡੀ ਦੀ ਵਾਰ, ਪਾ: ੧੦***

ਰੂਪੀ ਸ੍ਰੀ ਗੁਰੂ ਦਸਮੇਸ਼ ਮੁਖਵਾਕ ਵਿਖੇ ਵਰਨਣ ਹੈ। ਅਕਾਲ ਪੁਰਖ ਜਿਸ ਨੂੰ ਬਲ ਬਖਸ਼ੇ ਤੇ ਆਪਣਾ ਤੇਜੱਸਵੀ ਬਲ ਪ੍ਰਦਾਨ ਕਰੇ, ਓਸੇ ਤੋਂ ਹੀ ਦੁਸ਼ਟਾਂ ਦੈਂਤਾਂ ਦੇ ਵਿਨਾਸ਼ ਕਰਨ ਦੀ ਸੇਵਾ ਲੈ ਸਕਦਾ ਹੈ। ਐਥੋਂ ਤਾਈ ਕਿ -

*ਨੀਕੀ ਕੀਰੀ ਮਹਿ ਕਲ ਰਾਖੈ॥*
*ਭਸਮ ਕਰੈ ਲਸਕਰ ਕੋਟਿ ਲਾਖੈ॥* ***ਅੰਗ - ੨੮੫***

ਗੁਰਵਾਕ ਦੇ ਭਾਵ ਅਨੁਸਾਰ ਕਲਾਧਾਰੀ ਅਕਾਲ ਪੁਰਖ ਜੇ ਨਿੱਕੀ ਜਿਹੀ ਕੀੜੀ ਨੂੰ ਬਲ ਪ੍ਰਦਾਨ ਕਰੇ, ਤਾਂ ਉਸ ਕੀੜੀ ਵਿਚ, ਕਲਾ-ਕ੍ਰਿਸ਼ਮੀ ਤੇਜੱਸਵੀ ਬਲ ਪਾ ਕੇ, ਉਸੇ ਕੀੜੀ ਪਾਸੋਂ ਕਰੋੜਾਂ ਦੂਤੀ ਲਸ਼ਕਰਾਂ ਨੂੰ ਫਨਾਹ ਤੇ ਭਸਮ ਕਰਾ ਸਕਦਾ ਹੈ।

ਦੁਰਗਾ ਨੂੰ ਮਹਿਜ਼ ਇਕ ਤ੍ਰੀਮਤ ਮਤ ਖ਼ਿਆਲ ਕਰੋ, ਦੇਵੀ ਮਤ ਖ਼ਿਆਲ ਕਰੋ, ਉਸ ਅੰਦਰ ਅਕਾਲ ਪੁਰਖ ਨੇ ਕਲਾ-ਕ੍ਰਿਸ਼ਮੀ ਤੇ ਆਕ੍ਰਖਣੀ ਬਲ ਪਾਇਆ ਤਾਂ ਅਨੇਕਾਂ ਸਮੂਹ ਦੈਤਾਂ ਦਾ ਨਾਸ਼ ਕਰਾਇਆ। ਇਸ ਕਲਾ-ਕ੍ਰਿਸ਼ਮੀ ਬਲ ਬਿਹੂਣ ਤੇ ਖੜਗ-ਪ੍ਰਤਾਪੀ-ਦੀਖਿਆ ਹੀਣ ਭਾਵੇਂ ਲੱਖ ਕੋਟਿ ਖੂਹਣੀਆਂ ਦੇ ਲਸ਼ਕਰਾਂ ਦੇ ਲਸ਼ਕਰ ਹੋਣ, ਉਹਨਾਂ ਤੋਂ ਕੁਝ ਵੀ ਨਹੀਂ ਸਰ ਸਕਦਾ। ਭਾਵੇਂ ਅਜਿਹੇ ਨਿਗੁਰੇ, ਗੁਰ-ਦੀਖਿਆ-ਹੀਣ ਲਸ਼ਕਰਾਂ ਦੇ ਸਮੱਗਰ ਨਿਪੁੰਸਕ ਅਖੌਤੀ ਜੋਧਿਆਂ ਦੇ ਹੱਥਾਂ ਵਿਚ ਤਲਵਾਰਾਂ ਕਿਉਂ ਨਾ ਫੜਾਈਆਂ ਜਾਣ। ਇਹੋ ਕਾਰਨ ਹੈ ਕਿ ਸ਼ਸਤਰ ਰੂਪੀ ਸ੍ਰੀ ਸਾਹਿਬ (ਭਗਉਤੀ) ਤੋਂ ਸ੍ਰੀ ਦਸਮੇਸ਼ ਜੀ ਦੇ ਸਾਜੇ ਨਿਵਾਜੇ ਖਾਲਸਾ ਜੀ ਹੀ ਵਰੋਸਾਏ ਗਏ ਅਤੇ ਹੁਣ ਵੀ ਵਰੋਸਾਏ ਜਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ ਤੇ ਛਕਿਆ ਹੋਇਆ ਹੁੰਦਾ ਹੈ। ਬਿਨਾਂ ਕਿਸੇ ਖੰਡੇਧਾਰ ਪਾਹੁਲ ਛਕੇ, ਖੰਡੇ ਖੜਗੇਸ਼ੀ ਗੁਰ-ਦੀਖਿਆ ਲਏ, ਇਹ ਸ੍ਰੀ ਸਾਹਿਬ ਰੂਪੀ ਤਲਵਾਰ ਯੁੱਧ ਵਿਖੇ ਕਿਸੇ ਦੇ ਕੰਮ ਨਹੀਂ ਆ ਸਕਦੀ। ਜਿਨ੍ਹਾਂ ਨੂੰ ਖੰਡੇ ਪ੍ਰਤਾਪੀ ਸ੍ਰੀ ਸਾਹਿਬ ਦਾ ਸਨਮਾਨ ਤੇ ਗੁਰਮਤਿ ਸਤਿਕਾਰ ਹੈ, ਉਨ੍ਹਾਂ ਦੇ ਹੱਥਾਂ ਵਿਚ ਆਇਆਂ ਹੀ ਸ੍ਰੀ ਸਾਹਿਬ ਸੱਚਾ ਸ਼ੋਭਨੀਕ ਖੰਡੇਧਾਰ ਵਾਹ ਵਾਹ ਦਾ ਕੰਮ ਲੈ ਸਕਦੀ ਹੈ। ਸ੍ਰੀ ਦਸਮੇਸ਼ ਜੀ ਨੇ ਇਸੇ ਕਰਕੇ ਹੀ ਇਹ ਸ੍ਰੀ ਮੁਖਵਾਕ ਉਚਾਰਨ ਕੀਤੇ ਹਨ-

*ਅਸਿ ਕ੍ਰਿਪਾਨ ਖੰਡੋ ਖੜਗ ਤੁਬਕ ਤਬਰ ਅਰ ਤੀਰ॥*
*ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ॥੩॥*
***ਸ਼ਸਤ੍ਰਨਾਮਾ, ਦਸਮ ਗ੍ਰੰਥ***

ਸ੍ਰੀ ਦਸਮੇਸ਼ ਜੀ ਨੇ ਸਮੂਹ ਸ਼ਸਤਰਾਂ ਦਾ ਯਥਾ ਜੋਗ ਸਨਮਾਨ ਸਤਿਕਾਰ ਐਥੋਂ ਤਕ ਕੀਤਾ ਹੈ ਕਿ ਸ਼ਸਤਰਾਂ ਨੂੰ ਪਾਰ ਕਰਕੇ ਪੂਜਣ ਦੀ ਸਿੱਖਿਆ ਦਿੱਤੀ ਹੈ। ਪਰ ਇਸ ਦਾ ਅਰਥ ਇਹ ਹਰਗਿਜ਼ ਨਹੀਂ, ਜੈਸੇ ਕਿ ਅੱਜ ਕਲ੍ਹ ਦੇ ਧੁਰ ਤੋਂ ਬਿਗੜੇ ਹੋਏ ਹਿੰਦੂ ਖ਼ਿਆਲਾਂ ਵਾਲੇ ਲਹੂ ਦਾ ਤਿਲਕ ਸ਼ਸਤਰਾਂ ਨੂੰ ਲਾ ਕੇ ਪੂਜਦੇ ਹਨ। ਇਹ ਉਨ੍ਹਾਂ ਦੀ ਨਿਰੀ ਮਨਮਤਿ ਹੈ।

ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਤੇਜ ਪ੍ਰਤਾਪੀ

ਸ਼ਸਤਰ ਸਨਮਾਨਕ, ਖੜਗਧਾਰੀ ਸਿੰਘਾਂ ਦੇ ਹੱਥਾਂ ਵਿਚ ਆਈ ਤਲਵਾਰ ਹੀ ਸੱਚੀ ਭਗਉਤੀ (ਸ੍ਰੀ ਸਾਹਿਬ) ਦਾ ਕੰਮ ਦੇ ਸਕਦੀ ਹੈ। ਸ੍ਰੀ ਅਕਾਲ ਪੁਰਖ ਖੜਗਕੇਤ ਦੀ ਬਖਸ਼ੀ ਹੋਈ ਖੰਡਾ-ਖੜਗੇਸ਼ੀ-ਕਲਾ ਦਾ ਨਾਮ ਹੀ ਭਗਉਤੀ ਹੈ। ਭਗਉਤੀ ਦੇ ਅਰਥ ਦੇਵੀ ਦੇ ਕਰਨੇ ਨਿਰੇ ਮਨਮਤੀ ਅਗਿਆਨੀ ਪੁਰਸ਼ਾਂ ਦਾ ਕੰਮ ਹੈ। "ਲਈ ਭਗਉਤੀ ਦੁਰਗਸ਼ਾਹ ਦੇ ਅਰਥ ਹਰਗਿਜ਼ ਇਹ ਨਹੀਂ ਹੋ ਸਕਦੇ ਕਿ ਦੁਰਗਾ ਰੂਪੀ ਦੇਵੀ ਨੇ ਹੱਥ ਵਿਚ ਦੇਵੀ ਫੜੀ। ਤਾਂ ਤੇ ਇਹ ਸਿੱਧ ਹੋਇਆ ਕਿ ਸ੍ਰੀ ਦਸਮੇਸ਼ ਜੀ ਨੇ ਕਿਤੇ ਵੀ ਭਗਉਤੀ ਦੇ ਅਰਥ ਦੇਵੀ ਦੇ ਨਹੀਂ ਕੀਤੇ। ਇਹ ਨਿਰੇ ਮਨਮਤੀ ਅਗਿਆਨੀਆਂ ਦੀ ਕਾਢ ਹੈ।

***ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ॥ ਕ੍ਰਿਸ਼ਨਾ ਅਵਤਾਰ, ੨੪੯੨-੧***

ਵਾਲੇ ਕਲਾਧਾਰੀ ਖਾਲਸਾ ਜੀ ਦੇ ਹੱਥਾਂ ਵਿਚ ਹੀ ਇਹ ਭਗਉਤੀ ਸ੍ਰੀ ਸਾਹਿਬ ਹੋ ਕੇ ਸੋਂਹਦੀ ਹੈ। ਸਿਰਾਂ ਧੜਾਂ ਦੀ ਬਾਜ਼ੀ ਲਾਉਣ ਵਾਲੇ ਸ੍ਰੀ ਗੁਰੂ ਦਸਮੇਸ਼ ਜੀ ਦੇ ਖੱਡੇ ਦੇ ਅੰਮ੍ਰਿਤ-ਪਾਨੀ-ਸਿੰਘ ਹੀ ਭਗਉਤੀ ਪਦ ਦੇ ਇਨ੍ਹਾਂ ਕ੍ਰਿਸ਼ਮਕ ਅਰਥਾਂ ਨੂੰ ਜਾਣ ਸਕਦੇ ਹਨ, ਹੋਰਨਾਂ ਨੂੰ ਕੀ ਸੂਝ ਹੈ।

ਮੂੜ ਅਗਿਆਨੀ, ਜੋ ਗੁਰਮਤਿ ਬਾਣੀ ਦੇ ਤੱਤ ਅਰਥਾਂ ਤੋਂ ਅਗਿਆਤ ਹਨ, ਉਹ ਤਾਂ ਸੀ ਦਸਮੇਸ਼ ਜੀ ਦੇ ਇਸ ਮੁਖਵਾਕ 'ਮਹਾਂ ਕਾਲ ਕਾਲਕਾ ਅਰਾਧੀ' ਦੇ ਅਰਥ ਵੀ ਇਸ ਪ੍ਰਕਾਰ, ਅਰਥਾਉਂਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ 'ਮਹਾ ਕਾਲ' ਤੇ 'ਕਾਲਕਾ ਦੇਵੀ' ਦਾ ਅਰਾਧਨ ਕੀਤਾ। ਹਾਲਾਂਕਿ ਤੱਤ ਗੁਰਮਤਿ ਅਰਥ ਇਹ ਹਨ ਕਿ ਸ੍ਰੀ ਦਸਮੇਸ਼ ਜੀ ਨੇ ਮਹਾਂ ਕਾਲ ਰੂਪੀ ਕਾਲਕਾ ਨੂੰ ਅਰਾਧਨ ਕੀਤਾ। ਮਹਾਂ ਕਾਲ (ਅਕਾਲ ਪੁਰਖ) ਹੀ ਸ੍ਰੀ ਦਸਮੇਸ਼ ਜੀ ਦੇ ਨਿਕਟ ਸਭ ਕੁਛ ਸੀ। ਕਾਲਕਾ ਭੀ ਮਹਾਂ ਕਾਲ (ਅਕਾਲ ਪੁਰਖ) ਸੀ। ਇਸੇ ਤਰ੍ਹਾਂ 'ਮਹਾਂ ਕਾਲ ਰਖਵਾਰ ਹਮਾਰੋ' ਵਿਚ ਵੀ ਮਹਾਂ ਕਾਲ ਦਾ ਅਰਥ ਅਕਾਲ ਪੁਰਖ ਹੀ ਹੈ।

ਇਸੇ ਪ੍ਰਕਾਰ ਸ੍ਰੀ ਦਸਮੇਸ਼ ਜੀ ਦੇ ਅਰਥਾਂ ਵਿਚ 'ਭਗਉਤੀ' ਪਦ ਮਹਾਂ ਕਾਲ (ਅਕਾਲ ਪੁਰਖ) ਦੇ ਅਰਥਾਂ ਵਿਚ ਘਟਦਾ ਹੈ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ 'ਕਾਲਕਾ' ਪਦ ਨੂੰ 'ਮਹਾਕਾਲ' ਪਦ ਤੋਂ ਵਖਰਾ ਅਰਥਾਇਆ ਜਾਵੇ ਅਤੇ ਇਉਂ ਅਰਥ ਕੀਤੇ ਜਾਣ ਕਿ ਮਹਾਂ ਕਾਲ ਤੇ ਕਾਲਕਾ ਦੋਹਾਂ ਦਾ ਸ੍ਰੀ ਗੁਰੂ ਦਸ਼ਮੇਸ਼ ਜੀ ਨੇ ਅਰਾਧਨ ਕੀਤਾ ਤਾਂ ਸ੍ਰੀ ਗੁਰੂ ਦਸਮੇਸ਼ ਜੀ ਦਾ ਨਾਲ ਲੱਗਦਾ ਹੀ ਅਗਲਾ ਸ੍ਰੀ ਮੁਖਵਾਕ ਪਦ ਇਨ੍ਹਾਂ ਮਹਾਂ ਅਗਿਆਨੀਆਂ ਦੇ ਮੂੰਹ ਉੱਤੇ ਬੜੀ ਕਸਵੀਂ ਚਪੇੜ ਲਾਉਂਦਾ ਹੈ। ਉਹ ਅਗਲਾ ਪੰਗਤਾ ਇਉ ਹੈ -

***ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥੩॥***

***ਬਚਿਤ੍ਰ ਨਾਟਕ, ਅਧਿਆਇ ੬***

ਭਾਵ-ਅਰਬ, ਇਹ ਕਿ ਸ੍ਰੀ ਗੁਰੂ ਦਸਮੇਸ਼ ਜੀ ਉਚਾਰਦੇ ਹਨ ਕਿ ਅਸੀਂ ਅਕਾਲ ਪੁਰਖ ਦੀ ਐਸੀ ਅਰਾਧਨਾ ਕੀਤੀ ਕਿ ਮੈਂ ਤੇ ਅਕਾਲ ਪੁਰਖ ਦੋਇ ਰੂਪਾਂ ਤੋਂ ਇਕ ਰੂਪ ਵਿਚ ਹੋ ਗਏ। ਅਰਥਾਤ ਅਸੀਂ ਅਕਾਲ ਪੁਰਖ ਦੇ ਰੂਪ ਵਿਚ ਸਮਾਂ ਕੇ ਇਕ ਰੂਪ ਹੀ ਹੋ ਗਏ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥ ਹੀ ਠੀਕ ਸਮਝੇ ਜਾਣ ਤਾਂ ਇਹ ਅਗਲਾ ਪੰਗਤਾ 'ਦ੍ਵੈ ਤੇ ਏਕ ਰੂਪ' ਦੇ ਥਾਉਂ 'ਤ੍ਰੈ ਤੇ ਏਕ ਰੂਪ ਹ੍ਵੈ ਗਇਓ' ਚਾਹੀਦਾ ਸੀ, ਕਿਉਂਕਿ ਅਗਿਆਨੀਆਂ ਦੇ ਭਾਵ ਅਨੁਸਾਰ 'ਮਹਾਂ ਕਾਲ' ਦੇ ਨਾਲ 'ਕਾਲਕਾ' ਵੀ ਅਰਾਧਨੀ ਸਿੱਧ ਹੁੰਦੀ ਹੈ। 'ਮਹਾਕਾਲ' ਤੇ 'ਕਾਲਕਾ' ਦੇ ਸਰੂਪ ਇਹ ਹੋਏ ਵੱਖ ਵੱਖ, ਤੀਜਾ ਸਰੂਪ ਅਰਾਧਹਾਰੇ ਦਾ ਹੋਇਆ ਤਾਂ ਤੇ 'ਤ੍ਰੈ ਤੇ ਏਕ ਰੂਪ ਹ੍ਵੈ ਗਇਓ' ਪੰਗਤਾਂ ਹੀ ਉਨ੍ਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ ਅਰੋਪਿਆ ਸਿੱਧ ਹੁੰਦਾ ਹੈ। ਪ੍ਰੰਤੂ ਉਥੇ ਸ੍ਰੀ ਮੁਖਵਾਕ ਅੰਦਰ ਸਪੱਸ਼ਟ ਤੌਰ ਤੇ 'ਦ੍ਵੈ ਤੇ ਏਕ ਰੂਪ ਹ੍ਵੈ ਗਯੋ' ਹੀ ਸ਼ੁੱਧ ਪੰਗਤਾ ਹੈ। ਇਸੇ ਤਰ੍ਹਾਂ ਇਨ੍ਹਾਂ ਮਹਾਂ ਅਗਿਆਨੀਆਂ ਦੀ ਕੁਬੁਧ ਅਤੇ ਕੁਸਮਝ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਉਚਾਰਨ ਕੀਤੀ ਵਾਰ ਵਿਚ 'ਭਗਉਤੀ' ਪਦ ਦੇ ਅਰਥਾਂ ਦਾ ਮੁਗ਼ਾਲਤਾ ਹੈ। ਸਾਰੀ ਗੁਰਬਾਣੀ ਤਾਂ ਇੱਕ ਅਕਾਲ ਪੁਰਖ ਦੀ ਉਪਾਸ਼ਨਾ ਹੀ ਦਿੜਾਉਂਦੀ ਹੈ। ਯਥਾ ਗੁਰਵਾਕੇ -

***ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥***
***ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥***
***ਤੂੰ ਮੇਰਾ ਰਾਖਾ ਸਭਨੀ ਥਾਈ***
***ਤਾ ਭਉ ਕੇਹਾ ਕਾੜਾ ਜੀਉ ॥੧॥ ਅੰਗ - ੧੦੩***

ਭਾਵ, ਅਕਾਲ ਪੁਰਖ (ਵਾਹਿਗੁਰੂ) ਹੀ ਸਾਡਾ ਪਿਤਾ ਮਾਤਾ ਹੈ। ਉਹ ਹੀ ਅਸਾਡਾ ਬੰਧਪ ਭਾਈ ਹੈ। ਅਕਾਲ ਪੁਰਖ ਹੀ ਸਾਡਾ ਸਭ ਥਾਈਂ ਰਾਖਾ ਹੈ। ਤਾਂ ਤੇ ਕਿਸੇ ਪ੍ਰਕਾਰ ਦਾ ਭੈ ਜਾਂ ਡਰ ਸਾਨੂੰ ਨਹੀਂ ਹੈ।

ਜੇ ਕੋਈ ਮਹਾਂ ਅਗਿਆਨੀ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਦੇ ਅਰਥ ਇਉਂ ਅਰਥਾਵੇ ਕਿ ਅਕਾਲ ਪੁਰਖ ਸਾਡਾ ਪਿਤਾ ਹੈ ਤੇ 'ਕਾਲਕਾ' ਸਾਡੀ ਮਾਤਾ ਹੈ, ਇਹ ਉਸ ਦੀ ਬਿਲਕੁਲ ਮੂੜ੍ਹ ਮਤਿ ਹੋਵੇਗੀ। ਇਸੇ ਪ੍ਰਕਾਰ ਹੀ ਅਜਿਹੇ

ਮੂੜ ਅਗਿਆਨੀ 'ਸ੍ਰੀ ਬਾਵਨ ਅਖਰੀ' ਬਾਣੀ ਦੇ ਆਦਿ ਅੰਤ ਵਿਚ ਆਏ ਇਸ ਸਲੋਕ ਦਾ ਵੀ ਕੜੀ ਮਨਮਤਿ ਭਰਿਆ ਅਰਥ ਕਰ ਲੈਂਦੇ ਹਨ। ਯਥਾ -

*ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥*

ਉਨ੍ਹਾਂ ਦੇ ਕਤੋਂ ਭਾਵ ਅੰਦਰ ਮਾਤਾ ਨੂੰ ਵੀ ਉਹ ਗੁਰਦੇਵ ਕਰਕੇ ਅਰਥਾਉਂਦੇ ਹਨ ਅਤੇ ਪਿਤਾ ਨੂੰ ਵੀ ਗੁਰਦੇਵ ਹੀ ਦਸਦੇ ਹਨ। ਹਾਲਾਂਕਿ ਗੁਰਮਤਿ ਦੇ ਤੱਤ ਭਾਵ ਅਨੁਸਾਰ ਅਸਲ ਅਰਥ ਇਹ ਹਨ ਕਿ ਗੁਰਦੇਵ (ਵਾਹਿਗੁਰੂ) ਹੀ ਸਾਡਾ ਮਾਤਾ ਤੇ ਪਿਤਾ ਹੈ। ਗੁਰਮਤਿ ਅਨੁਸਾਰ ਸਪੱਸ਼ਟ ਤੌਰ ਤੇ 'ਸਭਿ ਨਾਦ ਬੇਦ ਗੁਰਬਾਣੀ॥ ਮਨੁ ਰਾਤਾ ਸਾਰਿਗਪਾਣੀ' ਸੁਤੇ ਸਿੱਧ ਅਰਥਾਂ ਵਿੱਚ ਐਨ ਓਵੇਂ ਹੀ ਵਿੱਦਤਾਇਆ ਗਿਆ ਹੈ ਜਿਸ ਪ੍ਰਕਾਰ ਕਿ 'ਸ੍ਰੀ ਜਪੁਜੀ ਸਾਹਿਬ' ਦੀ ਬਾਣੀ ਅੰਦਰ -

*ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥*
*ਜਪੁਜੀ, ਪਉੜੀ ੫*

ਸਪੱਸ਼ਟ ਅਰਥਾਂ ਵਿੱਚ ਇਹ ਭਾਵ ਰੱਖਦਾ ਹੈ ਕਿ ਗੁਰਮੁਖ (ਵਾਹਿਗੁਰੂ) ਹੀ ਸਾਡਾ ਨਾਦ ਹੈ, ਗੁਰਮੁਖ ਹੀ ਸਾਡਾ ਵੇਦ ਹੈ। ਗੁਰਮੁਖ (ਵਾਹਿਗੁਰੂ) ਹੀ ਸਾਰੇ ਸਮਾ ਰਿਹਾ ਹੈ। ਗੁਰਮੁਖ (ਵਾਹਿਗੁਰੂ ) ਹੀ ਸਾਡਾ ਗੁਰਸਿੱਖਾਂ ਦਾ ਵਿਸ਼ਨੂੰ ਦੇਵਤਾ ਹੈ। ਵਾਹਿਗੁਰੂ ਹੀ ਸਾਡਾ ਗੁਰਸਿੱਖਾਂ ਦੇ ਨਜ਼ਦੀਕ ਈਸ਼ਰ ਹੈ, ਬਰਮਾ ਹੈ। ਗੁਰੂ (ਵਾਹਿਗੁਰੂ) ਹੀ ਗੁਰਸਿੱਖਾਂ ਦੇ ਭਾ ਦੀ ਮਾਤਾ ਲੱਛਮੀ ਹੈ। ਭਾਵ ਵਾਹਿਗੁਰੂ ਤੋਂ ਬਿਨਾਂ ਗੁਰਸਿੱਖਾਂ ਦੇ ਨਜ਼ਦੀਕ ਕੋਈ ਹੋਰ ਮਾਤਾ ਨਹੀਂ ਅਤੇ ਹੋਰ ਕੋਈ ਗੋਰਖ ਨਹੀਂ, ਬਰਮਾ ਨਹੀਂ, ਨਾ ਹੀ ਕੋਈ ਈਸ਼ਰ ਹੈ। ਗੁਰਸਿੱਖ ਤਾਂ ਕੇਵਲ ਵਾਹਿਗੁਰੂ ਦੇ ਹੀ ਅਨਿਨ ਉਪਾਸ਼ਕ ਹਨ। ਜੋ ਕਈ ਮੂੜ ਅਗਿਆਨੀ ਇਸ ਗੁਰਵਾਕ ਵਿੱਚ ਇਹ ਕੋ ਅਰਥ ਕੱਢ ਲਵੋ ਕਿ ਪਾਰਬਤੀ (ਲੱਛਮੀ) ਸਾਡੀ ਮਾਤਾ ਹੈ ਤੇ ਇਸ ਮਾਤਾ ਦੀ ਉਪਾਸ਼ਨਾ ਦਾ ਵਿਧਾਨ ਗੁਰਮਤਿ ਅੰਦਰ ਦਰਸਾਇਆ ਗਿਆ ਹੈ ਤਾਂ ਐਸੀ ਵਿਚਾਰ ਵਿਚਾਰਨੀ ਉਸ ਮੂਰਖ ਮੂੜ ਅਗਿਆਨੀ ਦੀ ਮਹਾਂ ਦੁਰਮਤਿ ਅਗਿਆਨ ਭਰੀ ਵਿਚਾਰ ਸਿੱਧ ਹੋਵੇਗੀ।

ਤ੍ਰੈਗੁਣੀ ਮਾਇਆ ਦਾ ਸੰਕੇਤਕ ਨਾਮ ਗੁਰਮਤਿ ਅਨੁਸਾਰ 'ਸਤਿ' ਹੈ। ਇਸ ਦੇ ਮੁਕਾਬਲੇ ਵਿਚ ਤੁਰੀਆ ਗੁਣੀ ਅਕਾਲ ਪੁਰਖ ਦੀ ਜੋਤਿ ਪ੍ਰਚੰਡ (ਚੇਤੰਨ ਕਲਾ ਦਾ ਸੰਕੇਤਕ ਨਾਮ 'ਸ਼ਿਵ' ਹੈ। ਸ੍ਰੀ ਦਸਮੇਸ਼ ਜੀ ਨੇ ਜਿੱਥੇ ਸੀ ਮੁਖਵਾਕ ਸਵੱਈਆਂ ਵਿਚ 'ਦੇਹ ਸ਼ਿਵਾ ਬਰ ਮੋਹਿ ਇਹੈ' ਅੰਕਤ ਕੀਤਾ ਹੈ, ਇਸ ਪੰਗਤੀ ਵਿਚ ਆਏ 'ਸ਼ਿਵਾ' ਪਦ ਤੋਂ ਭਾਵ ਅਕਾਲ ਪੁਰਖ ਦੀ ਜੋਤਿ ਪ੍ਰਚੰਡਨੀ ਚੈਤੰਨ ਕਲਾ ਤੋਂ ਹੈ। ਸ੍ਰੀ ਗੁਰੂ ਦਸਮੇਸ਼ ਜੀ ਮਹਾਰਾਜ ਫੁਰਮਾਉਂਦੇ ਹਨ - 'ਹੇ ਜੋਤਿ ਪ੍ਰਚੰਡ ਕਲਾ ਵਾਲੇ, ਚੈਤੰਨ ਕਲਾ ਸੰਪੰਨ ਵਾਹਿਗੁਰੂ, ਮੈਨੂੰ ਇਹ ਵਰ ਦੇਹ!' ਇਸ 'ਸ਼ਿਵਾ' ਪਦ ਤੋਂ ਮੂੜ੍ਹ-ਮਤੀਏ ਅਗਿਆਨੀ ਪੁਰਸ਼, ਮਹਾਂਦੇਵ ਦਾ ਅਰਥ ਲਾਉਂਦੇ ਹਨ। ਜੈਸਾ ਕਿ ਰਹਿਰਾਸ ਸਾਹਿਬ ਦੀ ਚੌਪਈ ਅੰਦਰ ਸ੍ਰੀ ਦਸਮੇਸ਼ ਮੁੱਖਵਾਕ ਆਉਂਦਾ ਹੈ।

*ਮਹਾਂ ਦੇਵ ਕੋ ਕਹਤ ਸਦਾ ਸਿਵ॥੧੯॥*
*ਕਬਿਯੋ ਬਾਚ ਬੇਨਤੀ ਚੌਪਈ*

ਇਹ ਪਦ ਭਾਵ-ਖੰਡਨੀ ਆਉਂਦਾ ਹੈ। ਪ੍ਰੰਤੂ ਸ੍ਰੀ ਦਸਮੇਸ਼ ਸਾਹਿਬ ਜੀ ਦਾ ਇਹ ਭਾਵ ਹਰਗਿਜ਼ ਨਹੀਂ। ਮਹਾਂਦੇਵ ਦੇ ਅਰਥਾਂ ਵਾਲੇ 'ਸ਼ਿਵ' ਪ੍ਰਥਾਇ ਤਾਂ ਇਸ ਚੌਪਈ ਅੰਦਰ ਇਉਂ ਅੰਕਤ ਕੀਤਾ ਸ੍ਰੀ ਦਸਮੇਸ਼ ਵਾਕ ਆਉਂਦਾ ਹੈ-

*ਕਾਲ ਪਾਇ ਸਿਵਜੂ ਅਵਤਰਾ॥੭॥*
*ਕਬਿਯੋ ਬਾਚ ਬੇਨਤੀ ਚੌਪਈ*

ਵਿਸ਼ਨੂ, ਬ੍ਰਹਮਾ, ਮਹੇਸ਼ ਸਭ ਕਾਲ ਦੇ ਚੱਕਰ ਅੰਦਰ ਸੱਚੇ ਪਾਤਸ਼ਾਹ ਨੇ ਦਸੇ ਹਨ। ਪ੍ਰੰਤੂ 'ਦੇਹ ਸ਼ਿਵਾ ਬਰ ਮੋਹਿ ਇਹੈ' ਵਾਲੀ ਪੰਗਤੀ ਅੰਦਰ ਸ੍ਰੀ ਗੁਰੂ ਸਾਹਿਬ ਜੀ ਦਾ ਭਾਵ 'ਸ਼ਿਵਾ' ਪਦ ਤੋਂ ਚੰਨ ਸਰੂਪ ਜੋਤਿ ਪ੍ਰਚੰਡ ਅਕਾਲ ਪੁਰਖ ਵਾਹਿਗੁਰੂ ਤੋਂ ਹੈ। 'ਸ਼ਿਵਾ' ਪਦ ਦੇ ਅੱਗੇ ਜੋ ਕੰਨਾ ਹੈ, ਉਹ ਹੈ ਵਾਲਾ ਅਰਥ ਦਰਸਾਉਂਦਾ ਹੈ। 'ਸ਼ਿਵਾ' ਪਦ ਤੋਂ ਭਾਵ 'ਹੇ ਵਾਹਿਗੁਰੂ' ਹੈ। ਕਈ ਮੂੜ-ਮੱਤੀਏ ਅਗਿਆਨੀ ਇਸ 'ਸ਼ਿਵਾ' ਪਦ ਦਾ ਭੀ ਦੇਵੀ ਦਾ ਅਰਥ ਸਮਝਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਇੱਥੇ ਵੀ ਦੇਵੀ ਧਿਆਈ ਹੈ, ਦੇਵੀ ਤੋਂ ਵਰ ਮੰਗਿਆ ਹੈ। ਇਸ ਦੀ ਪ੍ਰੋੜਤਾ ਵਿਚ ਇਕ ਹੋਰ ਸਵੱਈਏ ਦੀ ਚੌਥੀ ਸਤਰ ਵਿਚ ਆਈ ਇਸ ਪੰਗਤੀ ਦੀ ਓਟ ਲੈਂਦੇ ਹਨ, 'ਸੰਤ ਸਹਾਇ ਸਦਾ ਜਗ ਮਾਇ', ਭਾਵ 'ਜਗ ਮਾਇ' ਪਦ ਤੋਂ ਜਗਤ ਮਾਤਾ ਦੇਵੀ ਦਾ ਹੀ ਕੱਢਦੇ ਹਨ। ਹਾਲਾਂਕਿ ਸੀ ਦਸਮੇਸ਼ ਜੀ ਦਾ ਇਹ ਹਰਗਿਜ਼ ਭਾਵ ਨਹੀਂ। 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ਵਾਲੀ ਪੰਗਤੀ ਵਿਚ ਆਏ 'ਤੂੰ ਹੈ ਮੇਰਾ ਮਾਤਾ' ਵਾਲੇ ਪਦ ਵਾਲਾ ਭਾਵ ਹੀ 'ਜਗ ਮਾਇ' ਪਦ ਤੋਂ ਹੈ। ਭਾਵ ਵਾਹਿਗੁਰੂ ਹੀ ਮੇਰਾ ਪਿਤਾ ਹੈ, ਵਾਹਿਗੁਰੂ ਹੀ ਮੇਰਾ ਮਾਤਾ ਹੈ। ਮੂੜ-ਮਤੀਆਂ ਦੀ ਇਹ ਨਿਰੀ ਮੂਰਖਤਾ ਹੀ ਕਿ ਉਹ 'ਜਗ ਮਾਇ' ਅਤੇ 'ਸ਼ਿਵਾ' ਪਦਾਂ ਤੋਂ ਦੇਵੀ ਦਾ ਅਰਥ ਲੈਣ।

ਗੁਰਮਤਿ ਕੋ, ਅੰਦਰ ਭੀ ਸ਼ਿਵਾ ਦੇ ਅਰਥਾਂ ਵਿੱਚੋਂ ਇਕ ਅਰਥ 'ਸ਼ਿਵ' ਪਦ ਦਾ ਕਲਿਆਣ ਸਰੂਪ ਪਰਮਾਤਮਾ ਹੈ।

ਸ੍ਰੀ ਗੁਰੂ ਦਸਮੇਸ਼ ਜੀ ਨੇ ਅਕਾਲ ਪੁਰਖ ਪ੍ਰਥਾਇ ਉਚਰੇ ਪਦਾਂ ਦੀ ਬੜੀ ਹੀ ਬਚਿੱਤਰ ਸੰਕੇਤਕ ਲੀਲਾ ਉਚਾਰਨ ਕੀਤੀ ਹੈ। ਜਿੱਥੇ ਸ੍ਰੀ ਗੁਰੂ ਦਸਮੇਸ਼ ਨੇ ਆਪਣੇ ਇੱਕ ਹੋਰ ਸੀ ਮੁਖਵਾਕ ਸਵੱਈਏ ਅੰਦਰ ਇਸ ਪ੍ਰਕਾਰ ਉਚਾਰਨ ਕੀਤਾ ਹੈ - 'ਹੋ ਰਵਿ ਹੇ ਸਸਿ ਹੇ ਕਰੁਣਾਨਿਧਿ', ਉਥੇ ਭੀ ਸ੍ਰੀ ਗੁਰੂ ਦਸਮੇਸ਼ ਜੀ ਨੇ 'ਰਵਿ' ਅਤੇ 'ਸਸਿ' ਪਦਾਂ ਤੋਂ ਭਾਵ ਕਰੁਣਾਨਿਧਿ ਅਕਾਲ ਪੁਰਖ ਦਾ ਹੀ ਲਿਆ ਹੈ। ਸ੍ਰੀ ਜਾਪੁ ਸਾਹਿਬ ਜੀ ਦੀ ਬਾਣੀ ਅੰਦਰ ਵੀ ਜਿੱਥੇ 'ਨਮੋ ਸੂਰਜ ਸੂਰਜੇ॥ ਨਮੋ ਚੰਦ੍ਰ ਚੰਦ੍ਰੇ' ਤੁਕਾਂ ਆਉਂਦੀਆਂ ਹਨ, ਤਿਨ੍ਹਾਂ ਤੁਕਾਂ ਦਾ ਭਾਵ ਭੀ ਸਪੱਸ਼ਟ ਅਕਾਲ ਪੁਰਖ ਤੋਂ ਲਿਆ ਗਿਆ ਹੈ। ਹੇ ਸੂਰਜਾਂ ਦੇ ਸੂਰਜ ਸੱਚੇ ਸੂਰਜ ਸ੍ਰੀ ਅਕਾਲ ਪੁਰਖ ਜੀ, ਤੇ ਚੰਦ੍ਰਮਾਵਾਂ ਤੋਂ ਸੱਚੇ ਸੁੱਚੇ ਚੰਦ੍ਰਮਾ ਵਾਹਿਗੁਰੂ ਅਕਾਲ ਪੁਰਖ ਜੀ, ਤੈਨੂੰ ਸਾਡੀ ਨਮਸਕਾਰ ਹੈ, ਸੋਈ ਭਾਵ 'ਹੋ ਰਵਿ ਹੇ ਸਸਿ' ਵਾਲੇ ਪਦਾਂ ਤੋਂ ਵੀ ਨਿਕਲਦਾ ਹੈ - ਹੇ ਅਕਾਲ ਪੁਰਖ ਰੂਪੀ ਸੱਚੇ ਸੂਰਜ (ਰਵਿ), ਹੇ ਅਕਾਲ ਪੁਰਖ ਰੂਪੀ ਸੱਚੇ ਚੰਦਰਮਾ (ਸਸਿ)। ਇਹੋ ਕਹਿ ਕੇ (ਸੰਕੇਤ ਕੇ) ਸ੍ਰੀ ਦਸਮੇਸ਼ ਸੱਚੇ ਗੁਰੂ ਪਾਤਸ਼ਾਹ ਨੇ ਅਕਾਲ ਪੁਰਖ ਅੱਗੇ ਹੀ ਬੇਨਤੀ ਉਚਾਰਨ ਕੀਤੀ ਹੈ। ਹੋਰ ਕਿਸੇ ਸੂਰਜ ਚੰਦ ਅਗੇ ਬੇਨਤੀ ਨਹੀਂ ਕੀਤੀ। ਅਕਾਲ ਪੁਰਖ ਪ੍ਰਥਾਇ ਉਚਰੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਸੰਕੇਤਕ ਪਦਾਂ ਦੀ ਬੜੀ ਹੀ ਬਚਿੱਤ੍ਰ ਲੀਲ੍ਹਾ ਹੈ।

ਇਸੇ ਪ੍ਰਕਾਰ ਹੀ 'ਭਗਉਤੀ' ਪਦ ਰੂਪੀ ਸੰਕੇਤਕ ਪਦ ਅਰਦਾਸੇ ਅੰਦਰ ਸ੍ਰੀ ਗੁਰੂ ਦਸਮੇਸ਼ ਸਾਹਿਬ ਜੀ ਨੇ ਵਾਹਿਗੁਰੂ ਦੀ ਜੋਤਿ ਪ੍ਰਚੰਡਕ ਅਕਲ ਕਲਾ ਪ੍ਰਥਾਇ ਹੀ ਉਚਾਰਨ ਕੀਤਾ ਹੈ, ਦੇਵੀ ਦਾ ਭਾਵ ਹਰਗਿਜ਼ ਨਹੀਂ। ਦੇਵੀ ਵਾਲਾ ਭਾਵ ਅਗਿਆਨੀ ਮੁੜ੍ਹ-ਮਤੀਆਂ ਦੀ ਹੀ ਕਾਢ ਹੈ। ਅਕਾਲ ਪੁਰਖ ਦੀ ਖੜਗ-ਕੇਤ, ਜੋਤਿ-ਪ੍ਰਚੰਡਨੀ-ਅਕਲ-ਕਲਾ ਦਾ ਨਾਉਂ ਹੀ 'ਭਗਉਤੀ' ਸੰਕੇਤਿਆ ਗਿਆ ਹੈ।

---

## *(ਪੰਨਾ 14 ਦੀ ਬਾਕੀ)*

ਸਤਿਗੁਰੂ ਕਲਗੀਧਰ ਜੀ ਨੇ ਜੋ ਖ਼ਾਲਸਾ ਸਾਜਿਆ, ਉਸ ਮਹਾਨ ਉਚੀ ਆਤਮਾਂ ਵਾਲੇ ਖਾਲਸੇ ਦੀ ਮਹਿਮਾ ਸੂਰਾ ਅੰਮ੍ਰਿਤਸਰ, ਆਪ ਨੇ ਇਉਂ ਬਿਆਨ ਕੀਤੀ ਹੈ -

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੋਂ ਨਿਵਾਸ॥*
*ਖ਼ਾਲਸਾ ਮੇਰੋ ਮੁਖ ਹੈ ਅੰਗਾ॥*
*ਖ਼ਾਲਸੇ ਕੇ ਹੌਂ ਸਦ ਸਦ ਸੰਗਾ॥*
*ਖਾਲਸਾ ਮੇਰੋ ਇਸ਼ਟ ਸੁਹਿਰਦ॥*
*ਖ਼ਾਲਸਾ ਮੇਰੋ ਕਹੀਅਤ ਬਿਰਦ॥*
*ਖ਼ਾਲਸਾ ਮੇਰੋ ਪਛ ਅਰ ਪਾਤਾ॥*
*ਖ਼ਾਲਸਾ ਮੇਰੋ ਸੁਖ ਅਹਿਲਾਦਾ॥*
*ਖ਼ਾਲਸਾ ਮੇਰੋ ਮਿੱਤਰ ਸਖਾਈ॥*
*ਖ਼ਾਲਸਾ ਮਾਤ ਪਿਤਾ ਸੁਖਦਾਈ॥*
*ਖ਼ਾਲਸਾ ਮੇਰੀ ਸੋਭਾ ਸੀਲਾ॥*
*ਖ਼ਾਲਸਾ ਬੰਧ ਸਖਾ ਸਦ ਡੀਲਾ॥*
*ਖ਼ਾਲਸਾ ਮੇਰੀ ਜਾਤ ਅਰ ਪਤ॥*
*ਖ਼ਾਲਸਾ ਸੌਂ ਮਾ ਕ ਉਤਪਤ॥*
*ਖ਼ਾਲਸਾ ਮੇਰੋ ਭਵਨ ਭੰਡਾਰਾ॥*
*ਖ਼ਾਲਸੇ ਕਰ ਮੇਰੋ ਸਤਿਕਾਰਾ॥*
*ਖ਼ਾਲਸਾ ਮੇਰੋ ਸਜ਼ਨ ਪ੍ਰਵਾਰਾ॥*
*ਖ਼ਾਲਸਾ ਮੇਰੋ ਕਰਤ ਉਧਾਰਾ॥*
*ਖ਼ਾਲਸਾ ਮੇਰੋ ਪਿੰਡ ਪਰਾਨ॥*
*ਖ਼ਾਲਸਾ ਮੇਰੀ ਜਾਨ ਕੀ ਜਾਨ॥*
*ਮਾਨ ਮਹਤ ਮੇਰੀ ਖ਼ਾਲਸਾ ਸਹੀ॥*
*ਖ਼ਾਲਸਾ ਮੇਰੋ ਸਵਾਰਥ ਸਹੀ॥*
*ਖ਼ਾਲਸਾ ਮੇਰੋ ਕਰੇ ਨਿਰਬਾਹਾ॥*
*ਖ਼ਾਲਸਾ ਮੇਰੋ ਦੇਹ ਅਰ ਸਾਹਾ॥*
*ਖ਼ਾਲਸਾ ਮੇਰੋ ਧਰਮ ਅਰ ਕਰਮ॥*
*ਖ਼ਾਲਸਾ ਮੇਰੋ ਭੇਦ ਨਿਜ ਮਰਮ॥*
*ਖ਼ਾਲਸਾ ਮੇਰੋ ਸਤਿਗੁਰ ਪੂਰਾ॥*
*ਖ਼ਾਲਸਾ ਮੇਰੋ ਸੱਜਨ ਸੂਰਾ॥*
*ਖ਼ਾਲਸਾ ਮੇਰੋ ਬੁਧ ਅਰ ਗਿਆਨ॥*
*ਖ਼ਾਲਸੇ ਕਾ ਹੌਂ ਧਰੋਂ ਧਿਆਨ॥* ***ਸਰਬ ਲੋਹ ਗ੍ਰਥ***

ਇਤਨਾ ਸਨਮਾਨ ਅੱਜ ਤੱਕ ਕਿਸੇ ਨੇ ਵੀ ਆਪਣੇ ਅਨੁਆਈਆਂ ਨੂੰ ਨਹੀਂ ਦਿਤਾ। ਜੋ ਵੀ ਇਥੇ ਆਇਆ ਉਸ ਨੇ ਆਪਣੇ ਆਪ ਨੂੰ ਖ਼ੁਦਾ, ਭਗਵਾਨ, ਪ੍ਰਮੇਸ਼ਰ ਪਰਗਟ ਕੀਤਾ। ਆਪਣੇ ਅਨੁਆਈਆਂ ਵਿਚ ਵਾਧਾ ਕਰਨ ਲਈ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਸੁਪਨੇ ਵਿਖਾਏ, ਕਈ ਭਰੋਸੇ ਦਿਤੇ, ਪਰ ਗੁਰੂ ਸਾਹਿਬ ਨੇ ਨਾ ਕਿਸੇ ਨੂੰ ਬਹਿਸ਼ਤਾਂ ਦੀ ਗਰੰਟੀ ਦਿੱਤੀ, ਨਾ ਹੂਰਾਂ ਦਾ ਲਾਲਚ ਵਿਖਾਇਆ, ਸਗੋਂ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਖੰਡੇ ਦੀ ਧਾਰ ਤੇ ਚੱਲਣ ਦਾ ਰਾਹ ਦੱਸਿਆ ਅਤੇ ਆਪ ਬਲੀਦਾਨ ਦੇ ਕੇ ਬਲੀਦਾਨਾਂ ਦਾ ਰਾਹ ਵਿਖਾਇਆ।

ਆਓ! ਅੱਜ ਵਿਸਾਖੀ ਦੇ ਮਹਾਨ ਦਿਨ ਉਤੇ ਇਹ ਪ੍ਰਣ ਕਰੀਏ ਕਿ ਅਸੀਂ ਵਿਸਾਖੀ ਦੀ ਅਧਿਆਤਮਿਕ ਵਿਸ਼ੇਸ਼ਤਾ ਹਮੇਸ਼ਾ ਸਾਹਮਣੇ ਰੱਖਾਂਗੇ, ਕਿਉਂਕਿ ਇਹ ਰੱਬ ਸਾਨੂੰ ਰੱਖਿਆ ਦਾ ਬਲ ਪ੍ਰਦਾਨ ਕਰਦਾ ਹੈ ਅਤੇ ਸ਼ੁੱਧ ਤੇ ਪੂਰਨ ਬਣਨ ਦੀ ਪ੍ਰੇਰਨਾ ਬਖ਼ਸ਼ਦਾ ਹੈ।

# ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ

*[(ਸਵਰਗੀ) ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ]*

ਹਰ ਜਾਤੀ, ਹਰ ਮਜ਼ਹਬ, ਹਰ ਕਬੀਲੇ ਦੇ ਲੋਕਾਂ ਦੇ ਆਪਸੀ ਮੇਲ ਮਿਲਾਪ ਸਮੇਂ ਇਕ ਦੂਜੇ ਨੂੰ ਸੰਬੋਧਨ ਕਰਨ ਦਾ ਵੱਖਰਾ-ਵੱਖਰਾ ਤਰੀਕਾ ਹੁੰਦਾ ਹੈ। ਉਹਨਾਂ ਦੇ ਸੰਬੋਧਨ ਸ਼ਬਦ ਤੋਂ ਉਸ ਜਾਤੀ ਦੇ ਧਰਮ ਜਾਂ ਸੰਸਕ੍ਰਿਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਉਤਰੀ ਭਾਰਤ ਦੇ ਕੁਝ ਕੁ ਪ੍ਰਚਲਤ ਸੰਬਧਨੀ ਸ਼ਬਦਾਂ ਦੀ ਪੜਚੋਲ ਬੜੀ ਦਿਲਚਸਪ ਹੈ, ਅਤੇ ਇਸ ਸੰਬੰਧ ਵਿਚ ਖਾਲਸੇ ਦੇ ਇਕ ਦੂਜੇ ਨੂੰ ਮਿਲਣ ਸਮੇਂ ਫਤਹ ਦੀ ਮਹੱਤਤਾ ਦਾ ਸਹੀ ਅੰਦਾਜ਼ਾ ਸਹਜੇ ਹੀ ਸਮਝ ਆ ਜਾਂਦਾ ਹੈ। ਇਸ ਅਧਿਐਨ ਤੋਂ ਇਹ ਗੱਲ ਭੀ ਸਪਸ਼ਟ ਹੋ ਜਾਦੀ ਹੈ ਕਿ ਸਤਿਗੁਰੂ ਸਾਹਿਬਾਨ ਨੂੰ ਪੁਰਾਣੇ ਸਨਾਤਨੀ ਸੰਬਧਨੀ ਸ਼ਬਦਾਂ ਨੂੰ ਛਡ ਕੇ ਨਵੇਂ ਸੰਬਧਨੀ ਵਾਕ ਕਿਉਂ ਘੜਨੇ ਪਏ।

'ਜੈ ਸੀਆ ਰਾਮ' ਅਤੇ 'ਰਾਧੇ ਸ਼ਾਮ' ਆਮ ਪ੍ਰਚਲਤ ਸੰਬਧਨੀ ਵਾਕ ਹਨ, ਜੋ ਉਤਰੀ ਭਾਰਤ ਵਿਚ ਭਗਤੀ ਲਹਿਰ ਦੇ ਭਗਤਾਂ ਨੇ ਪ੍ਰਚਲਤ ਕੀਤੇ। ਰਾਮ ਤੇ ਕ੍ਰਿਸ਼ਨ ਤ੍ਰੇਤਾ ਅਤੇ ਦੁਆਪਰ ਦੇ ਅਵਤਾਰ ਮੰਨੇ ਜਾਂਦੇ ਹਨ। ਖਿਆਲ ਹੈ ਕਿ ਗਿਆਰਵੀਂ ਬਾਰਵੀਂ ਸਦੀ ਤੋਂ ਭਗਤੀ ਲਹਿਰ ਉਤਰੀ ਭਾਰਤ ਵਿੱਚ ਚਲ ਪਈ ਸੀ। ਇਸ ਦੇ ਪ੍ਰਭਾਵ ਹੇਠ ਆਏ ਬਹੁਤ ਸਾਰੇ ਭਗਤਾਂ ਨੇ ਰਾਮ ਅਤੇ ਕ੍ਰਿਸ਼ਨ ਨੂੰ ਲੋਕ-ਪ੍ਰਿਆ ਬਣਾਇਆ। ਇਸ ਲਈ 'ਹਰੇ ਕ੍ਰਿਸ਼ਨ' ਜਾਂ 'ਹਰੇ ਰਾਮ', 'ਰਾਧੇ ਸ਼ਾਮ' ਤੇ 'ਜੇ ਸੀਆ ਰਾਮ' ਲੋਕਾਂ ਦੇ ਮੂੰਹ ਉਤੇ ਸਹਿਜੇ ਹੀ ਚੜ੍ਹ ਗਏ ਤੇ ਉਹ ਇਕ ਦੂਜੇ ਨੂੰ ਮਿਲਣ ਸਮੇਂ ਭੀ ਇਹ ਵਾਕ ਬੋਲਦੇ ਸਨ। ਇਹਨਾਂ ਵਾਕਾਂ ਤੋਂ ਉਹਨਾਂ ਦੇ ਰਾਮ-ਭਗਤ ਜਾਂ ਕ੍ਰਿਸ਼ਨ ਭਗਤ ਹੋਣ ਦੀ ਸੂਚਨਾ ਮਿਲਦੀ ਹੈ।

ਇਹਨਾਂ ਸਤਰਾਂ ਦੇ ਲੇਖਕ ਨੇ ਮੱਧ ਭਾਰਤ ਵਿੱਚ ਇਕ ਅਜੀਬ ਘਟਨਾ ਦੇਖੀ। ਇਕ ਰਾਮ-ਭਗਤ ਕਿਸੇ ਆਪਣੇ ਮਿੱਤਰ ਨੂੰ, ਜੋ ਕ੍ਰਿਸ਼ਨ-ਭਗਤ ਸੀ, ਇਕ ਸਵੇਰ 'ਜੈ ਸੀਆ ਰਾਮ' ਕਹਿ ਕੇ ਬੁਲਾਇਆ, ਪਰ ਅਗੋਂ ਦੂਜੇ ਨੇ 'ਜੈ ਰਾਧੇ ਸ਼ਾਮ' ਕਹਿ ਕੇ ਉਸਦਾ ਉਤਰ ਦਿੱਤਾ, ਅਤੇ ਇਉਂ ਉਹ ਕਾਫ਼ੀ ਦੇਰ ਤਕ ਆਪ ਆਪਣੇ ਇਸ਼ਟ ਦੀ ਜੈ ਪੁਕਾਰਦੇ ਰਹੇ। ਇਸ ਧਾਰਨਾ ਦੇ ਅਧੀਨ ਰਾਮ-ਭਗਤ ਵਖਰੇ ਹਨ ਤੇ ਕ੍ਰਿਸ਼ਨ-ਭਗਤ ਵਖਰੇ। ਰਾਮ ਹੋਰ ਹੈ, ਕ੍ਰਿਸਨ ਹੋਰ ਹੈ; ਭਾਵੇਂ ਦੋਵੇਂ ਇਕੋ ਵਿਸ਼ਨੂ ਦੇ ਅਵਤਾਰ ਹੀ ਮੰਨੇ ਜਾਂਦੇ ਹਨ।

ਰਾਮ ਦੇ ਨਾਮ ਨਾਲ ਸੀਤਾ, ਤੇ ਕ੍ਰਿਸ਼ਨ ਦੇ ਨਾਮ ਨਾਲ ਰਾਧੇ ਇਸ ਗੱਲ ਦਾ ਸੂਚਕ ਹੈ ਕਿ ਦੋਵੇਂ ਪ੍ਰਕਾਰ ਦੇ ਭਗਤਾਂ ਨੇ ਇਨ੍ਹਾਂ ਅਵਤਾਰਾਂ ਦੀਆਂ ਪਤਨੀਆਂ ਨੂੰ ਸਨਮਾਨਿਆ ਹੈ।

ਇਹਨਾਂ ਰਾਮ ਤੇ ਕ੍ਰਿਸ਼ਨ ਭਗਤਾਂ ਦੀ ਰੀਸੇ ਉਤਰੀ ਭਾਰਤ ਵਿੱਚ ਇਕ ਹੋਰ ਸੰਪਰਦਾ ਨੇ ਉਨੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਜਨਮ ਲਿਆ। ਲਾਲਾ ਦਿਆਲ ਦਾਸ ਲਾਹੌਰ ਦੇ ਖਤਰੀ, ਗੁਰੂ ਘਰ ਦੇ ਸ਼ਰਧਾਲੂ ਪਰਵਾਰ ਵਿਚੋਂ ਸਹਿਜਧਾਰੀ ਅਖਵਾਂਦੇ ਸਿਖ, ਆਗਰੇ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ-ਵਿਆਖਿਆ ਕਰਦੇ ਕਰਦੇ, ਆਪ ਗੁਰੂ ਬਣ ਬੈਠੇ। ਉਥੋਂ ਦੇ ਲੋਕੀ ਉਹਨਾਂ ਨੂੰ ਮਹਾਤਮਾ ਜੀ ਜਾਂ ਸੁਆਮੀ ਜੀ ਕਹਿਣ ਲਗ ਪਏ। ਇਹਨਾਂ ਦੀ ਪਤਨੀ ਦਾ ਨਾਮ ਰਾਧਾ ਸੀ, ਜੋ ਫਰੀਦਾਬਾਦ ਦੇ ਕਿਸੇ ਹਿੰਦੂ 'ਰਾਧਾ ਸੁਆਮੀ' ਸੰਬੋਧਨੀ ਸ਼ਬਦ ਘੜ ਲਿਆ। ਪਰਵਾਰ ਵਿਚੋਂ ਸੀ। 'ਜੈ ਬੀਆ ਰਾਮ' ਅਤੇ 'ਜੈ ਰਾਧੇ ਸ਼ਾਮ' ਦੀ ਨਕਲ ਤੇ ਇਹਨਾਂ ਦੇ ਸ਼ਰਧਾਲੂਆਂ ਨੇ ਕੁਝ ਵੀ ਹੋਵੇ, ਇਹ ਤਿੰਨੇ ਸੰਬੋਧਨੀ ਵਾਕ ਕੇਵਲ ਇਕ ਵਿਅਕਤੀ ਦੀ ਜੈ ਜੈਕਾਰ ਕਰਦੇ ਜਾਂ ਜਸ ਗਾਉਂਦੇ ਹਨ, ਚਾਹੇ ਉਹ ਰਾਮ ਹੈ, ਜਾਂ ਕ੍ਰਿਸ਼ਨ, ਜਾਂ ਸੁਆਮੀ ਦਿਆਲਦਾਸ ਹੈ। ਰਾਮ ਉਹ ਰਵਿਆ ਰਾਮ ਨਹੀਂ, ਕ੍ਰਿਸ਼ਨ ਭੀ ਉਹ ਸਰਬ ਵਿਆਪੀ ਰਾਮ, ਦਿਆਲ ਦਾਸ ਭੀ ਅਜੇ ਸਰਵ-ਵਿਆਪੀ ਰਾਮ ਵਿੱਚ ਨਹੀਂ ਸਮਾਇਆ, ਤਾਂ ਇਹ ਜੈ ਜੈਕਾਰ ਕਿਸ ਦੀ ਕੀਤੀ ਜਾ ਰਹੀ ਹੈ?

ਇਹਨਾਂ ਉਪਰੋਕਤ ਸੰਬਧਨੀ ਵਾਕਾਂ ਤੋਂ ਪਹਿਲਾਂ ਉਤਰੀ ਭਾਰਤ ਵਿੱਚ ਸਿੰਧ ਵਾਦੀ ਸਭਿਅਤਾ ਤੋਂ ਲੈ ਕੇ ਹੁਣ ਤਕ

ਸ਼ਿਵ ਜੀ ਦੀ ਪੂਜਾ ਹੁੰਦੀ ਸੀ। ਬ੍ਰਹਮਾ ਤੇ ਵਿਸ਼ਨੂ ਤੋਂ ਬਾਅਦ ਆਰੀਆ ਸਭਿਅਤਾ ਨੇ ਪੁਰਾਤਨ ਸ਼ਿਵ ਨੂੰ ਭੀ ਦੇਵਤਾ ਮੰਨ ਲਿਆ ਅਤੇ ਇਉਂ ਤ੍ਰਿਮੂਰਤੀ ਦਾ ਸੰਕਲਪ ਵਿਦਮਾਨ ਹੋਇਆ। ਭਗਤੀ-ਲਹਿਰ ਤੋਂ ਕਈ ਹਜ਼ਾਰ ਸਾਲ ਪਹਿਲਾਂ ਸ਼ਿਵਜੀ ਦੀ ਪੂਜਾ ਹੁੰਦੀ ਆਈ ਹੈ। ਮਹਿਮੂਦ ਗਜ਼ਨਵੀ ਨੇ ਸੋਮਨਾਥ ਦੇ ਮੰਦਰ ਵਿੱਚ ਸ਼ਿਵ-ਲਿੰਗ ਦੇ ਪੱਥਰ ਦੀ ਬੇਅਦਬੀ ੧੦੦੦ ਈ: ਵਿੱਚ ਕੀਤੀ ਸੀ। ਸੋ ਭਾਰਤ ਵਿੱਚ ਕਾਫ਼ੀ ਪੁਰਾਣੇ ਸਮੇਂ ਤੋਂ 'ਹਰ ਹਰ ਮਹਾਦੇਵ' ਜਾਂ 'ਜੈ ਸ਼ਿਵ ਸ਼ੰਕਰ' ਆਦਿ ਦੇ ਸੰਬੰਧਨੀ ਸ਼ਬਦ ਪ੍ਰਚਲਤ ਸਨ। ਇਉਂ ਹਿੰਦੂ ਮੱਤ ਅਨੁਸਾਰ ਤਿੰਨ ਪ੍ਰਮੁੱਖ ਦੇਵਤਿਆਂ ਦੇ ਨਾਮਾਂ ਦੁਆਲੇ ਸੰਬਧਨੀ"ਵਾਕ ਘੜ ਲਏ ਗਏ, ਅਤੇ ਹੁਣ ਤਕ ਇਨ੍ਹਾਂ ਦੇ ਸ਼ਰਧਾਲੂ ਤਿੰਨਾਂ ਨੂੰ ਭਿੰਨ ਭਿੰਨ ਕਰਕੇ ਮੰਨਦੇ ਹਨ। ਇਕ ਪ੍ਰਭੂ ਵਲ ਇਨ੍ਹਾਂ ਦਾ ਧਿਆਨ ਕਦੇ ਨਹੀਂ ਗਿਆ।

ਸਤਿਗੁਰੂ ਸਾਹਿਬਾਨ ਦੀ ਵਿਚਾਰਧਾਰਾ ਉਪਰੋਕਤ ਵੰਡ-ਵਿਤਕਰਿਆਂ ਤੋਂ ਬਿਲਕੁਲ ਨਵੇਕਲੀ ਹੈ। ਪੁਰਾਤਨ ਜਨਮ ਸਾਖੀਆਂ ਅਨੁਸਾਰ ਸਤਿਗੁਰੂ ਨਾਨਕ ਦੇਵ ਜੀ ਜਿੱਥੇ-ਜਿੱਥੇ ਭੀ ਗਏ, ਉਹਨਾਂ ਨੇ 'ਸਤਿ ਕਰਤਾਰ' ਸ਼ਬਦ ਦਾ ਹੀ ਪ੍ਰਯੋਗ ਕੀਤਾ। 'ਸਤਿ ਕਰਤਾਰ' ਉਹਨਾਂ ਦੇ ਸਤਿ ਉਤੇ ਦ੍ਰਿੜ ਨਿਸਚੇ ਦਾ ਸੂਚਕ ਹੈ। ਉਹ ਕਰਤਾਰ ਨੂੰ ਸਦਾ ਅੰਗ ਸੰਗ ਪੇਖਦੇ ਸਨ। ਸਦਾ ਸਾਈਂ ਨਾਲ ਜੁੜੇ ਰਹਿਣ ਕਰਕੇ ਉਹਨਾਂ ਨੂੰ ਕਰਤਾਰ ਹੀ ਕਰਤਾਰ ਦੇ ਦਰਸ਼ਨ ਹੁੰਦੇ ਸਨ। ਇਉਂ ਸਿੱਖ ਸੰਗਤਾਂ ਵਿੱਚ ਭੀ ਸਤਿ ਕਰਤਾਰ ਹੀ ਪ੍ਰਚਲਤ ਹੋ ਗਿਆ। ਇਸ ਸੰਬੋਧਨੀ ਵਾਕ ਵਿੱਚ ਸਭ ਤੋਂ ਵੱਡਾ ਵਾਧਾ ਇਹ ਹੈ ਕਿ ਇਸ ਨਾਲ ਅਵਤਾਰ ਭਗਤੀ ਦੀ ਭਿੰਨ-ਭੇਦਤਾ ਦਾ ਰੇੜਕਾ ਹੀ ਮੁਕ ਜਾਂਦਾ ਹੈ।

ਇਹ ਪਹਿਲੀ ਵਾਰ ਹੈ ਕਿ ਇਸ ਨਵੇਂ ਸੰਬੋਧਨੀ ਵਾਕ ਵਿਚ ਕੇਵਲ ਅਕਾਲ ਪੁਰਖ ਦੀ ਵਾਹਦਾਨੀਅਤ ਤੇ ਜ਼ੋਰ ਦਿਤਾ ਗਿਆ। ਉਤਰੀ ਭਾਰਤ ਵਿਚ ਭਾਰਤੀ ਧਰਮਾਂ ਵਿਚੋਂ ਸਤਿਗੁਰੂ ਨਾਨਕ ਦੇਵ ਜੀ ਨੇ ਇਉਂ ਲੋਕਾਂ ਦੀ ਸੋਚਣੀ ਵਿਚ ਤਬਦੀਲੀ ਲਿਆਂਦੀ ਕਿ ਕੇਵਲ ਕਰਤਾਰ ਹੀ ਸਤਿ ਹੈ ਤੇ ਉਸਦੀ ਜੈ ਜੈਕਾਰ ਬਲਾਉਣੀ ਹੀ ਸ਼ੋਭਦੀ ਹੈ। ਦਸਵੇਂ ਪਾਤਸ਼ਾਹ ਜੀ ਦੇ ਸਮੇਂ ਤਕ 'ਸਤਿ ਕਰਤਾਰ' ਦੇ ਭਾਵ ਵਿਚ ਹੀ 'ਸਤਿ ਸ੍ਰੀ ਅਕਾਲ' ਅਤੇ 'ਸ੍ਰੀ ਅਕਾਲ ਜੀ ਸਹਾਇ' ਸ਼ਬਦਾਂ ਦੀ ਵਰਤੋਂ ਹੋਣੀ ਅਰੰਭ ਹੋ ਗਈ ਸੀ। ਸਤਿ ਸ੍ਰੀ ਅਕਾਲ ਅਤੇ 'ਬੋਲੇ ਸੋ ਨਿਹਾਲ' ਦਸਵੇਂ ਪਾਤਸ਼ਾਹ ਨੇ ਆਪਣੇ ਖਾਲਸਾ ਜੀ ਨੂੰ ਜੰਗੀ ਨਾਅਰੇ ਵਜੋਂ ਦਿਤੇ, ਜੋ ਅੱਜ ਤਕ ਸਿੱਖ ਕੌਮ ਲਈ ਸਮੂਹਕ ਤੌਰ ਤੇ ਚੜ੍ਹਦੀ ਕਲਾ ਦੇ ਬੋਲੇ ਬਣ ਗਏ ਹਨ।

ਦਸਵੇਂ ਪਾਤਸ਼ਾਹ ਨੇ ਜਦੋਂ 'ਖਾਲਸਾ' ਸਾਜਿਆ ਤਾਂ ਆਪ ਜੀ ਨੇ ਫੁਰਮਾਇਆ ਕਿ 'ਖਾਲਸਾ' ਆਪਣੇ ਉਚ ਆਦਰਸ਼ਾਂ ਗੁਣਾਂ ਕਰਕੇ ਸਦਾ ਵਾਹਿਗੁਰੂ ਜੀ ਦਾ ਹੈ, ਵਾਹਿਗੁਰੂ ਜੀ ਦਾ ਖਾਲਸੇ ਦੇ ਅੰਗ ਸੰਗ ਹਨ, ਅਤੇ ਹਰ ਮੈਦਾਨ ਫਤਹ ਵਾਹਿਗੁਰੂ ਜੀ ਦੀ ਹੋਣੀ ਹੈ। ਸੋ ਦਸਮੇਸ਼ ਪਿਤਾ ਜੀ ਨੇ ਓਦੋਂ ਤੋਂ ਖਾਲਸਾ ਜੀ ਨੂੰ ਇਹ ਸੰਬੋਧਨੀ ਬੋਲਾ ਬਖ਼ਸ਼ਦੇ ਹੋਇਆਂ ਹੁਕਮ ਕੀਤਾ ਕਿ ਸਿੰਘ ਜਦੋਂ ਆਪਸ ਵਿਚ ਮਿਲਣ ਤਾਂ ਗੱਜ ਕੇ ਬੁਲਾਉਣ - 'ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ॥

ਇਸ ਫਤਹ ਵਿਚ ਇਕ ਦੋ ਨੁਕਤੇ ਹੋਰ ਭੀ ਨੋਟ ਕਰਨ ਵਾਲੇ ਹਨ। ਇਸ ਫ਼ਤਹ ਦੁਆਰਾ ਗੁਰਮੰਤਰ ਨੂੰ ਉਜਾਗਰ ਕੀਤਾ ਗਿਆ ਹੈ। ਗੁਰੂ ਗੁਰੂ ਜਪਦੇ ਸਿੰਘਾਂ ਵਲੋਂ ਉਪਰੋਕਤ ਫਤਹ ਵਿਚ ਦੋ ਵਾਰੀ ਇਕ ਪਾਸਿਓਂ ਅਤੇ ਦੋ ਵਾਰ ਦੂਜੇ ਪਾਸਿਓਂ 'ਵਾਹਿਗੁਰੂ' ਸ਼ਬਦ ਸਹਿਜੇ ਹੀ ਕਹੇ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੰਬੋਧਨੀ ਬੋਲਾਂ ਵਿਚ ਜੋ ਸੇਧ ਦਿੱਤੀ ਸੀ, ਉਸੇ ਦਾ ਵਿਸਥਾਰਤ ਰੂਪ ਇਸ ਫਤਹ ਵਿਚ ਹੈ, ਜੋ ਦਸ਼ਮੇਸ਼ ਪਿਤਾ ਜੀ ਨੇ ਆਪਣੇ ਖਾਲਸੇ ਨੂੰ ਬਖਸ਼ਸ਼ ਕੀਤੀ ਹੈ।

ਪਰ ਇਹਨਾਂ ਬੋਲਾਂ ਵਿਚ 'ਖਾਲਸਾ' ਅਤੇ 'ਫਤਹ' ਦੇ ਨਵੇਂ ਸ਼ਬਦ ਦਸਵੇਂ ਸਤਿਗੁਰਾਂ ਨੇ ਬਖਸ਼ੇ ਹਨ। ਖਾਲਸਾ ੧੬੯੯ ਈਸਵੀ ਦੀ ਵਿਸਾਖੀ ਨੂੰ ਸਾਜਿਆ ਗਿਆ। 'ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ' ਅਨੁਸਾਰ ਖਾਲਸੇ ਨੂੰ ਕੁਝ ਜ਼ਿਮੇਵਾਰੀਆਂ ਸੌਂਪੀਆਂ ਗਈਆਂ।

***ਧਰਮ ਚਲਾਵਨ ਸੰਤ ਉਬਾਰਨ॥***
***ਦੁਸਟ ਸਭਨ ਕੋ ਮੂਲ ਉਪਾਰਨ॥੪੩॥***
***ਬਚਿਤ੍ਰ ਨਾਟਕ ਪ:੧੦, ਅਧਿ: ੬***

ਇਹ ਆਦੇਸ਼ ਉਹ ਆਪ ਅਕਾਲ ਪੁਰਖ ਤੋਂ ਲੈ ਕੇ ਆਏ ਸਨ ਅਤੇ ਇਹ ਜ਼ਿੰਮੇਵਾਰੀ ਆਪ ਨੇ ਖ਼ਾਲਸੇ ਨੂੰ ਭੀ ਸੌਂਪਣਾ ਕੀਤੀ। ਇਸ ਲਈ ਖਾਲਸੇ ਨੂੰ ਆਪਣੇ ਮਿਸ਼ਨ ਦੀ ਸਹੀ ਸੇਧ ਦੇਣ ਲਈ ਅਤੇ ਨਿਤ ਚੇਤੇ ਰਖਣ ਲਈ ਉਪਰੋਕਤ ਸੰਬੋਧਨੀ ਵਾਕ ਬਖਸ਼ਸ਼ ਕਰਦਿਆਂ ਉਨ੍ਹਾਂ ਦੇ ਚਿਤ ਵਿਚ ਵਸਾਇਆ ਕਿ ਸਦਾ ਯਾਦ ਰੱਖਣਾ ਹੈ ਕਿ 'ਵਾਹਿਗੁਰੂ ਜੀ ਕਾ ਖਾਲਸਾ' ਹੈ ਅਤੇ ਫਤਹ ਭੀ ਵਾਹਿਗੁਰੂ ਜੀ ਕੀ ਮੰਨਣੀ ਹੈ। ਇਹੋ ਭਾਵ ਹਰੇਕ ਖਾਲਸਾ ਇਕ ਦੂਸਰੇ ਨੂੰ ਮਿਲਣ ਸਮੇਂ ਫਤਹ ਗਜਾ ਕੇ ਆਪਣੇ ਅਸਲੇ ਮੂਲ ਅਤੇ ਆਪਣੇ ਕਰਤੱਵ ਨੂੰ ਚੇਤੇ ਰਖਣ ਲਈ ਸਾਵਧਾਨ ਕਰਦਾ ਹੈ।

ਕੁਝ ਕੁ ਜੱਥੇ ਹਨ ਜੋ ਗੱਜ ਵੱਜ ਕੇ ਫਤਹ ਗਜਾਉਂਦੇ

***(ਬਾਕੀ ਪੰਨਾ 26 'ਤੇ)***

# ਸਿੱਖ ਪੰਥ ਦੇ ਮੁੱਢ ਵਜੋਂ ਵੈਸਾਖ ਮਹੀਨੇ ਦਾ ਵਿਸ਼ਲੇਸ਼ਣ

*[ਡਾ. ਸੁਮਨਪ੍ਰੀਤ ਕੌਰ ਸੈਂਪਲਾ, ਅਸਿਸਟੈਂਟ ਪ੍ਰੋਫੇਸਰ]*

ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ 1699 ਦੀ ਵਿਸਾਖੀ ਨੂੰ ਅਕਾਲ ਪੁਰਖ ਦੀ ਰਜਾ ਦਾ ਮਾਨਵਤਾ ਨੂੰ ਐਸਾ ਵ੍ਰਿੱਲਖਣ ਦਰਜਾ ਦਿੱਤਾ ਜੋ ਰਹਿੰਦੀ ਦੁਨੀਆ ਤੱਕ ਆਪ ਵਲੋਂ ਰਚਾਏ ਅਦੁੱਤੀ ਕੌਤਕ, ਜਿਸ ਜਰੀਏ ਸੰਸਾਰ ਨੂੰ ਆਦਰਸ਼ਕ ਖਾਲਸਾ ਪ੍ਰਦਾਨ ਹੋਇਆ ਯਾਦ ਰੱਖਿਆ ਜਾਵੇਗਾ। ਖਾਲਸੇ ਨੂੰ ਪ੍ਰਗਟ ਕਰਨ ਪਿਛੇ ਵਿਸ਼ੇਸ਼ ਤੌਰ ਤੇ ਵਿਸਾਖੀ ਦਾ ਦਿਨ ਚੁਣਿਆ ਗਿਆ, ਜਿਸਦਾ ਇਕ ਵਿਸ਼ੇਸ਼ ਕਾਰਨ ਸੀ। ਸਿੱਖ ਧਰਮ ਵਿੱਚ ਵੈਸਾਖ ਦਾ ਮਹੀਨਾ ਵਿਸ਼ੇਸ਼ ਦਰਜਾ ਰੱਖਦਾ ਸੀ। ਇਤਿਹਾਸਕ ਪੱਖ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਾਦਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਸੰਨ 1628 ਈ. ਦੀ ਵਿਸਾਖੀ, ਅਕਾਲ ਤੱਖਤ ਸਾਹਿਬ ਤੇ ਸੰਗਤਾਂ ਨੂੰ ਵਿਸ਼ੇਸ਼ ਸੱਦੇ ਭੇਜ ਕੇ ਮਨਾਈ ਸੀ। ਦੂਜਾ ਸ੍ਰੀ ਗੁਰੂ ਅੰਗਦ ਦਵ ਜੀ ਦਾ ਜਨਮ ਵੈਸਾਖ ਮਹੀਨੇ ਵਿੱਚ ਹੋਇਆ, ਗੁਰੂ ਅਮਰਦਾਸ ਜੀ ਦਾ ਗੁਰਤਾਗੱਦੀ ਦਿਵਸ ਵੈਸਾਖ ਮਹੀਨੇ ਵਿੱਚ ਸੀ। ਵੈਸਾਖ ਮਹੀਨੇ ਵਿੱਚ ਹੀ ਗੁਰੂ ਰਾਮਦਾਸ ਪਾਤਸ਼ਾਹ ਗੁਰੱਤਾਗੱਦੀ ਤੇ ਬਿਰਾਜਮਾਨ ਹੋਏ, ਗਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਵੈਸਾਖ ਮਹੀਨੇ ਵਿੱਚ ਹੋਇਆ। ਸੋ ਗੁਰੂ ਸਾਹਿਬ ਨੇ ਵੈਸਾਖ ਮਹੀਨੇ ਦੀ ਪ੍ਰਮੁੱਖਤਾ ਨੂੰ ਸਮਝਦੇ ਹੋਏ ਇੱਕ ਵੈਸਾਖ ਦਾ ਦਿਨ ਇਸ ਮਹਾਨ ਕਾਰਜ ਨੂੰ ਸਿੱਧ ਕਰਨ ਲਈ ਚੁਣਿਆ।

ਪਰ ਇਸ ਵਾਰ ਗੁਰੂ ਸਾਹਿਬ ਦਾ ਮਕਸਦ ਸਿਰਫ ਵਿਸਾਖੀ ਦਾ ਦਿਹਾੜਾ ਮਨਾਉਣ ਦਾ ਨਹੀਂ ਸੀ ਬਲਕਿ ਉਹ ਤਾਂ ਪਰਮ ਪੁਰਖ ਦੇ ਹੁਕਮ ਦੀ ਪਾਲਣਾ ਕਰਨ ਜਾ ਰਹੇ ਸਨ। ਅੱਜ ਉਹਨਾਂ ਸੰਸਾਰ ਵਿੱਚ ਇਕ ਐਸਾ ਲੋਹ ਪੁਰਸ਼ ਸਥਾਪਨ ਕਰਨਾ ਸੀ ਜਿਸਦਾ ਸਾਨੀ ਲੱਭਿਆਂ ਵੀ ਨਾ ਲੱਭੇ। ਜਿਸ ਦੀ ਸ਼ਕਤੀ ਜਾਲਮਾਂ ਦੇ ਵਿਰੁੱਧ ਸਵਾ ਲੱਖ ਗੁਣਾ ਵੱਧ ਹੋਵੇਗੀ। ਗੁਰੂ ਸਾਹਿਬ ਨੇ ਖਾਲਸੇ ਦੀ ਪਰਿਭਾਸ਼ਾ ਅਤੇ ਸੰਕੇਤਕ ਭਾਵ ਅਰਥ ਪਹਿਲਾਂ ਹੀ ਸਿੱਧ ਕਰ ਦਿੱਤਾ ਸੀ। ਉਹਨਾਂ ਬੜੇ ਬਾ-ਕਮਾਲ ਤਰੀਕੇ ਨਾਲ ਜਪੁ ਸਾਹਿਬ ਵਿੱਚ ਖਾਲਸੇ ਦੇ ਸਰੂਪ ਨੂੰ ਚਿੱਤਰਿਆ।

***ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥***

ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਨਿਰਾਲਾ ਪੰਥ ਚਲਾ ਕੇ ਸੰਸਾਰ ਵਿੱਚ ਵਿਚਰ ਰਹੇ ਆਮ ਮਨੁੱਖ ਨੂੰ ਨਿਆਰਾ ਆਦਰਸ਼ ਪ੍ਰਦਾਨ ਕਰਕੇ ਸਵਾ ਲੱਖ ਦੀ ਸ਼ਕਤੀ ਬਖਸ਼ੀ। ਨਾਲ ਹੀ ਨੇਮ ਦ੍ਰਿੜ ਕਰਵਾਉਂਦਿਆਂ ਖਾਲਸੇ ਦੇ ਭਾਵ ਅਰਥ ਤੋਂ ਸੰਗਤ ਨੂੰ ਜਾਣੂ ਕਰਵਾਇਆ। ਗੁਰੂ ਸਾਹਿਬ ਨੇ ਫੁਰਮਾਨ ਕੀਤਾ ਕਿ ਖਾਲਸਾ ਕਿਸੇ ਧਰਮ, ਮਹਾਪੁਰਸ਼ ਤੇ ਕਿਸੇ ਉਪਾਸਨਾ ਨਾਲ ਵਿਤਕਰਾ ਨਹੀਂ ਕਰੇਗਾ। ਇਸਦਾ ਭਾਵ ਸੀ ਕਿ ਜਿਸ ਸਮੇਂ ਗੁਰੂ ਸਾਹਿਬ ਨੇ ਖਾਲਸੇ ਕੀ ਸਿਰਜਨਾ ਕੀਤੀ ਉਸ ਵਕਤ ਹਿੰਦੁਸਤਾਨ ਵਿੱਚ ਤੁਰਕ ਮੁਸਲਮਾਨ ਹੋਰ ਧਰਮਾਂ ਦੇ ਵੈਰੀ ਬਣੇ ਹੋਏ ਸਨ। ਉਹ ਹਰ ਦੂਜੇ ਧਰਮ ਦੀ ਨਿਰਾਦਰੀ ਕਰ ਰਹੇ ਸਨ। ਪਰ ਇਸਦੇ ਉਲਟ ਗੁਰੂ ਸਾਹਿਬ ਰਚਿਤ ਖਾਲਸਾ ਸੰਸਾਰ ਦੇ ਸਾਰੇ ਧਰਮਾਂ, ਧਾਰਮਿਕ ਮਹਾਪੁਰਸ਼ਾਂ ਅਤੇ ਉਹਨਾਂ ਦੀਆਂ ਧਾਰਮਿਕ ਪੁਸਤਕਾਂ ਦਾ ਉਤਨਾ ਹੀ ਸਤਿਕਾਰ ਕਰੇਗਾ ਜਿਤਨਾ ਕੀ ਉਹ ਆਪਣੇ ਧਾਰਮਿਕ ਗ੍ਰੰਥਾਂ ਤੇ ਮਹਾਂਪੁਰਖਾਂ ਦਾ। ਖਾਲਸਾ ਵਿਤਕਰੇ ਤੋਂ ਰਹਿਤ ਕੌਮ ਹੋਵੇਗੀ। ਗੁਰੂ ਸਾਹਿਬ ਦਾ ਖਾਲਸਾ,

ਪੂਰਨ ਖਾਲਸਾ ਰੂਪ ਜੀਵੇਗਾ ਅਤੇ ਜੀਵਨ ਦੀਆਂ ਖੁਸ਼ੀਆਂ ਮਾਣੇਗਾ ਪਰ ਖਾਲਸਾ ਸਿਪਾਹੀ ਦੀ ਤਰ੍ਹਾਂ ਨਿਰਲੇਪ ਹੀ ਹੋਵੇਗਾ। ਖਾਲਸੇ ਦੇ ਹੋਰ ਭਾਵ ਅਰਥ ਬਿਆਨਦਿਆਂ ਗੁਰੂ ਸਾਹਿਬ ਨੇ ਵਿਸਥਾਰ ਦੱਸਿਆ ਕਿ ਖਾਲਸਾ ਫਿਰ ਆਪਣੇ ਉੱਦਮ ਸਦਕਾ ਸੰਸਾਰ ਵਿੱਚ ਨਿਰਭੈਤਾ, ਨਿਰਵੈਰਤਾ ਰੂਪੀ ਰਾਜ ਦਾ ਪ੍ਰਸਾਰ ਕਰੇਗਾ। ਖਾਲਸਾ ਉਹ ਹੋਵੇਗਾ ਜੋ ਸੱਚ ਅਤੇ ਨਿਆਂ ਲਈ ਆਪਾ ਕੁਰਬਾਨ ਕਰਨ ਲਈ ਦ੍ਰਿੜ ਇਰਾਦਾ ਰੱਖਦਾ ਹੋਵੇਗਾ। ਗੁਰੂ ਸਾਹਿਬ ਨਿਆ ਦੇ ਹਾਮੀ ਸਨ ਤਾਹਿਓਂ ਉਹਨਾਂ ਖਾਲਸੇ ਨੂੰ ਇਹ ਅਸੂਲ ਦ੍ਰਿੜ ਕਰਵਾਇਆ ਕਿ ਅੰਮ੍ਰਿਤ ਨੇ ਮਨੁੱਖ ਨੂੰ ਖਾਲਸਾ ਬਣਾਉਣਾ ਹੈ ਤੇ ਉਹ ਹੀ ਖਾਲਸਾ ਇਕ ਸਦਾਚਾਰਕ ਬਿਰਤੀ ਦਾ ਨਾਮ ਹੋਵੇਗਾ।

ਖਾਲਸਾ ਸਾਜਣ ਦਾ ਮੁੱਖ ਨਿਸ਼ਾਨਾ ਇਕ ਐਸੀ ਸਦਾ ਤਿਆਰ-ਬਰ-ਤਿਆਰ ਫੌਜ ਨੂੰ ਸਾਜਣਾ ਸੀ ਜੋ ਏਕਤਾ ਦੇ ਰਾਜ ਦੀ ਸਥਾਪਤੀ ਕਰੇਗੀ ਅਤੇ ਉਸੇ ਰੱਬੀ ਰਾਜਦੀ ਸਥਾਪਤੀ ਵਿੱਚ ਸਹਾਈ ਹੋਵੇਗੀ। ਜੋ ਸਦੀਵੀ ਅੱਟਲ ਰਾਜ ਹੋਵੇਗਾ। ਖਾਲਸਾ ਫੌਜ ਸੱਚ ਦਾ ਪ੍ਰਕਾਸ਼ਮਾਨ ਸਿੱਧ ਹੋਵੇਗੀ। ਉਹੀ ਖਾਲਸਾ ਜਿਸਦਾ ਸਰੂਪ ਧੰਨ ਸ੍ਰੀ ਗੁਰੂ ਨਾਨਕ ਸਾਹਿਬ ਨੇ ਜਪੁਜੀ ਸਾਹਿਬ ਵਿੱਚ ਪੇਸ਼ ਕਰਕੇ ਫੁਰਮਾਇਆ -

***ਜਤੁ ਪਾਹਾਰਾ ਧੀਰਜੁ ਸੁਨਿਆਰ॥***
***ਅਹਰਣਿ ਮਤਿ ਵੇਦੁ ਹਥੀਆਰ॥***
***ਭਉ ਖਲਾ ਅਗਨਿ ਤਪ ਤਾਉ॥***
***ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥***
***ਘੜੀਐ ਸਬਦੁ ਸਚੀ ਟਕਸਾਲ॥***
***ਜਿਨ ਕਉ ਨਦਰਿ ਕਰਮੁ ਤਿਨ ਕਾਰ***
***ਨਾਨਕ ਨਦਰੀ ਨਦਰਿ ਨਿਹਾਲ॥38॥***

ਖਾਲਸਾ ਪ੍ਰਮਾਤਮਾ ਦੇ ਭੈ ਅਤੇ ਭਉ ਵਿਚ ਰਹੇਗਾ, ਜੋ ਆਪਣੇ ਆਦਰਸ਼ਾਂ ਲਈ ਪੂਰਨ ਘਾਲਣਾ ਕਰੇਗਾ, ਖਾਲਸਾ ਇਕ ਆਦਰਸ਼ ਲਈ ਘਾਲਣਾ ਘਾਲੇਗਾ ਉਸ ਆਦਰਸ਼ ਲਈ ਜੂਝੇਗਾ ਅਤੇ ਉਸ ਆਦਰਸ਼ ਸਦਕਾ ਨਿਆ, ਸੱਚ, ਏਕਤਾ ਅਤੇ ਪ੍ਰੇਮ ਦੀ ਸਥਾਪਨਾ ਕਰੇਗਾ। ਖਾਲਸਾ ਫਤਹਿ ਦੇ ਸਿਧਾਂਤ ਨੂੰ ਲਾਗੂ ਕਰੇਗਾ।

ਖਾਲਸਾ ਅਸੂਲ ਅਤੇ ਨੇਮ 'ਚ ਪੱਕਾ ਹੋਵੇਗਾ ਅਤੇ ਇਹੋ ਉਸਦੀ ਜਿੰਦਗੀ ਦਾ ਸਰਵੋਤਮ ਆਦਰਸ਼ ਹੋਵੇਗਾ ਅਤੇ ਇਸੇ ਸਦਕਾ ਉਹ ਲੱਖਾ ਬੰਦਿਆਂ ਉੱਤੇ ਭਾਰੂ ਹੋਵੇਗਾ।

ਗੁਰੂ ਸਾਹਿਬ ਨੇ ਅੰਮ੍ਰਿਤ ਨੂੰ ਇਸ ਅਹਿਮ ਦਿਨ ਤੇ ਉੱਤਪੰਨ ਕੀਤਾ। ਉਹ ਅੰਮ੍ਰਿਤ, ਜਿਸ ਨੂੰ ਲੱਖਾਂ ਦੇਵੀ ਦੇਵਤੇ, ਰਿਸ਼ੀ ਮੁਨੀ ਅਨੇਕਾਂ ਹੱਠ, ਤੱਪ ਕਰਕੇ ਪਾਉਣ ਦਾ ਯਤਨ ਕਰਦੇ ਰਹੇ। ਸਾਹਿਬ-ਏ-ਕਮਾਲ ਨੇ ਉਸੇ ਅੰਮ੍ਰਿਤ ਨੂੰ ਆਪਣੇ ਖਾਲਸੇ ਲਈ ਅਨੰਦਪੁਰ ਨਗਰੀ 'ਚ ਕੇਸਗੜ੍ਹ ਵਿਖੇ ਆਪਣੇ ਖਾਲਸੇ ਨੂੰ ਬਖਸ਼ ਦਿੱਤਾ। ਪਰ ਖਾਲਸਾ ਉਹ ਜੋ ਪਹਿਲਾਂ ਵਿਚਾਰੇ ਤੇ ਗੁਰੂ ਸਾਹਿਬ ਅਨੁਸਾਰ ਨਿਯਤ ਕੀਤੇ ਫਰਜ ਨੂੰ ਅਦਾ ਕਰੇ, ਅੰਮ੍ਰਿਤ ਗ੍ਰਹਿਣ ਕਰਨ ਦਾ ਹੱਕਦਾਰ ਹੋਵੇਗਾ। ਖਾਲਸਾ ਦਰਅਸਲ ਅੰਮ੍ਰਿਤ ਵਿਚੋਂ ਹੀ ਪੈਦਾ ਹੋਇਆ ਹੈ। ਖਾਲਸੇ ਦੇ ਆਦਰਸ਼ ਅੰਮ੍ਰਿਤ-ਮਈ ਹੋਣਗੇ ਅਤੇ ਇਸੇ ਆਦਰਸ਼ ਨੂੰ ਆਪਣੇ ਅੰਦਰ ਪਾਲ ਕੇ ਰੱਖਣਾ, ਖਾਲਸਾ ਹੋਣਾ ਹੈ।

ਖਾਲਸੇ ਨੂੰ ਅੰਮ੍ਰਿਤ ਦੀ ਦਾਤ ਬਖਸ਼ਣ ਸਮੇਂ ਜਦੋਂ ਸਾਹਿਬ ਨੇ ਅੰਮ੍ਰਿਤ ਤਿਆਰ ਕੀਤਾ ਤਾਂ ਬਾਟੇ ਦਾ ਪ੍ਰਯੋਗ ਕੀਤਾ ਅਤੇ ਉਸ ਬਾਟੇ ਵਿਚਾਲੇ ਪਵਿੱਤਰ ਜਲ ਵਾਂਗੂ ਖਾਲਸਾ ਵੀ ਸੁਭਾ ਦਾ ਨਿਰਮਲ ਹੋ ਗਿਆ ਉਸੇ ਬਾਟੇ ਵਿੱਚ ਗੁਰੂ ਸਾਹਿਬ ਨੇ ਖੰਡਾ ਫੇਰਿਆ ਜੋ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ ਤੇ ਸਹਿਜੇ ਹੀ ਉਹ ਭਾਵ ਖਾਲਸੇ ਅੰਦਰ ਵੀ ਉਤਪੰਨ ਹੋਏ ਹਨ ਅਤੇ ਇਸ ਅੰਮ੍ਰਿਤ ਨੂੰ ਤਿਆਰ ਕਰਨ ਵੇਲੇ ਪੜੀਆਂ ਜਾਣ ਵਾਲੀਆਂ ਪੰਜ ਬਾਣੀਆਂ ਦੀ ਸ਼ਕਤੀ ਖਾਲਸੇ ਦੇ ਮਨੋਂ ਵਿਗਿਆਨ ਨੂੰ ਸਬਰਸ੍ਰੇਸਠ ਬਣਾ ਦੇਂਦੀ ਹੈ। ਗੁਰੂ ਸਾਹਿਬ ਦੀ ਬਖਸ਼ੀ ਦਾਤ ਦਾੜਾ ਤੇ ਕੇਸ਼ ਅਣਖ ਤੇ ਗੈਰਤ ਦਾ ਸੁਮੇਲ ਹਨ, ਜਿਹਨਾਂ ਦੇ ਹੋਣ ਨਾਲ ਉਸ ਅੰਦਰ ਸ਼ੇਰ ਵਰਗਾ ਜਲੋਅ ਪੈਦਾ ਹੁੰਦਾ ਹੈ। ਕੜਾ ਅਤੇ ਕ੍ਰਿਪਾਨ ਸਰਬ ਲੋਹ ਹੈ ਜੋ ਇਹ ਦ੍ਰਿੜ ਕਰਵਾਉਂਦੇ ਹਨ ਕਿ ਪ੍ਰਮਾਤਮਾ ਸਰਬ ਲੋਹ ਵਾਂਗੂ ਸਰਬਸ਼ਕਤੀਸ਼ਾਲੀ ਹੈ।

ਐਸਾ ਨਿਆਰਾ ਖਾਲਸਾ ਸਿਰਫ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਹੀ ਦੇਣ ਹੋ ਸਕਦੀ ਹੈ, ਜੋ ਸਵਾ ਲਖ ਲਈ ਇੱਕਲਾ ਭਿੜ ਜਾਣ ਦੀ ਸ਼ਕਤੀ ਰੱਖਦਾ ਹੈ।

ਦਰਅਸਲ ਖਾਲਸੇ ਦੇ ਜਨਮ ਦੀ ਲੋੜ ਉਸ ਸਮੇਂ ਦੇ ਸਮਾਜਿਕ ਵਾਤਾਵਰਨ ਨੂੰ ਧਿਆਨ 'ਚ ਰੱਖਦੇ ਹੋਏ

ਅਤਿ ਜਰੂਰੀ ਹੋ ਚੁੱਕੀ ਸੀ। ਕਿਉਂਕਿ ਗੁਰੂ ਸਾਹਿਬ ਦਾ ਨਿਸਾਨਾ ਸੀ ਕਿ ਉਹ ਭਾਰਤ ਦੀ ਸੱਭਿਅਤਾ, ਸਭਿਆਚਾਰ, ਸ੍ਵੈਮਾਨ ਅਤੇ ਆਤਮ ਵਿਸਵਾਸ ਨੂੰ ਮੁੜ ਸੁਰਜੀਤ ਕਰਨ ਦਾ ਸੀ ਜਿਸ ਲਈ ਸਭ ਤੋਂ ਪਹਿਲਾਂ ਸਮਾਜਿਕ ਬਦਲਾਅ ਦੀ ਜਰੂਰਤ ਸੀ ਅਤੇ ਜਿਸ ਲਈ ਲੋਕਾਂ ਦੀ ਬ੍ਰਿਤੀ ਨੂੰ ਨਵੀ ਸੇਧ ਦੇਣਾ ਅਤੇ ਗੁਲਾਮੀ ਦੇ ਮੰਜਰ ਚੋਂ ਕੱਢਣਾ ਬਹੁਤ ਜਰੂਰੀ ਸੀ। ਇਸ ਲਈ ਖਾਲਸਾ ਰਾਜ ਦੀ ਸਥਾਪਤੀ ਲਈ ਖਾਲਸੇ ਨੂੰ ਫੌਜ ਵਾਂਗੂ ਤਿਆਰ ਕਰਨ ਲਈ ਦ੍ਰਿੜ ਅਸੂਲਾਂ ਦਾ ਧਾਰਨੀ ਬਣਾਉਣਾ ਪਹਿਲਾ ਮੁੱਖ ਕਾਰਜ ਸੀ। ਜਿਸਨੂੰ ਗੁਰੂ ਸਾਹਿਬ ਨੇ 1699 ਦੀ ਵਿਸਾਖੀ ਵਾਲੇ ਦਿਨ ਨੇਪਰੇ ਚਾੜਿਆ ਅਤੇ ਇਸੇ ਯਤਨ ਨੇ ਭਾਰਤੀ ਸੱਭਿਅਤਾ ਨੂੰ ਨਵਾ ਜੀਵਨ ਪ੍ਰਦਾਨ ਕੀਤਾ। ਖਾਲਸਾ ਸਾਜਨਾ ਭਾਰਤੀ ਸੱਭਿਅਤਾ ਦੀ ਪੁਨਰ ਜਾਗ੍ਰਿਤੀ ਵਿੱਚ ਇਕ ਅਹਿਮ ਹਿੱਸਾ ਸੀ।

ਗੁਰੂ ਸਾਹਿਬ ਨੇ ਇਸ ਵਿਸ਼ੇਸ਼ ਦਿਨ ਨੂੰ ਖਾਲਸਾ ਸਾਜਣ ਲਈ ਕੁਰਬਾਨੀ ਦਾ ਸਬਕ ਦੇਣ ਦਾ ਨਿਸਚੈ ਵੀ ਪਹਿਲਾਂ ਹੀ ਕਰ ਲਿਆ ਸੀ। ਅਸਲ ਵਿੱਚ ਗੁਰੂ ਨਾਨਕ ਦੇ ਚਲਾਏ ਨਿਰਮਲ ਪੰਥ ਨੂੰ ਵਿਲੱਖਣ ਰੂਪ ਖਾਲਸਾ ਪੰਥ ਦਾ ਮਿਲ ਗਿਆ ਸੀ ਤੇ ਗੁਰੂ ਸਾਹਿਬ ਨੇ ਇਸ ਅਨੂਠੇ ਕਾਰਜ ਨੂੰ ਸਿਧਾਂਤਕ ਪਹਿਲ ਦੇ ਜਰੀਏ ਇਕ ਵੱਖਰਾ ਸਵਰੂਪ ਪ੍ਰਦਾਨ ਕਰਕੇ ਧਾਰਮਿਕ ਤੇ ਰਾਜਨੀਤਿਕ ਸਰੋਕਾਰ ਪੱਖੋਂ ਇਸਦੀ ਸ਼ਕਤੀ ਨੂੰ ਰੂਪਮਾਨ ਕਰ ਦਿੱਤਾ। ਹੁਣ ਗੁਰੂ ਸਾਹਿਬ ਨੇ ਨਾਨਕਜੋਤ ਤੋਂ ਆਰੰਭ ਹੋਏ ਉਸ ਵਿਸਮਾਦੀ ਅਰਦਸ਼ ਨੂੰ ਪਹਿਲਾਂ ਇੱਕ ਕਰਿਆ, ਇਕ ਪੰਗਤ 'ਚ ਬਿਨਾਂ ਭੇਦ ਭਾਵ ਦੇ ਬਹਿ ਕੇ ਲੰਗਰ ਛਕਣ ਦੇ ਸਿਧਾਂਤ ਨੂੰ ਲਾਗੂ ਕੀਤਾ ਯਾਨੀ ਕਿ ਸਾਰੀ ਨਸਲਾਂ ਜਾਤਾਂ ਨੂੰ ਇੱਕ ਕੀਤਾ ਫਿਰ ਸਾਂਝੇ ਬਾਟੇ ਵਿੱਚ ਅੰਮ੍ਰਿਤ ਛੱਕਾ ਕੇ ਸਮਾਨਤਾ ਦਾ ਸਿਖਰ, 'ਖਾਲਸਾ' ਸਾਜ ਦਿੱਤਾ।

ਇਸੇ ਸਥਾਨ ਤੋਂ ਜਿਥੇ ਖਾਲਸਾ ਪ੍ਰਗਟਿਆ ਉੱਥੇ ਦੁਨੀਆਂ ਤੇ ਇਕ ਨਵੀਂ ਮਿਸਾਲ ਪੈਦਾ ਹੋਈ ਜਦੋਂ ਗੁਰੂ ਸਾਹਿਬ ਨੇ ਖੰਡੇ ਬਾਟੇ ਦੀ ਪਾਹੁਲ ਪਹਿਲਾਂ ਆਪ ਛੱਕ ਕੇ ਮੁੜ ਉਹਨਾਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਦੀ ਮੰਗ ਕਰਕੇ ਆਪੇ ਗੁਰ ਚੇਲਾ ਦੀ ਪੇਸਨਗੋਈ ਕੀਤੀ। ਜੋ ਮੁੜਕੇ ਤੇ ਉਸ ਤੋਂ ਪਹਿਲਾਂ ਕਦੇ ਕਿਸੇ ਧਾਰਮਿਕ ਆਗੂ ਨੇ ਨਾ ਦੋਹਰਾਈ ਅਤੇ ਨਾ ਐਸਾ ਸਰੋਕਾਰ ਮੁੜ ਕੇ ਕੋਈ ਹੋਵੇਗਾ।

ਦਰਅਸਲ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਦਾ ਆਦਰਸ਼ ਦੈਵੀ ਸੀ। ਇਹ ਤੱਥ ਸਪੱਸ਼ਟ ਹੈ ਕਿ ਜੇ ਗੁਰੂ ਸਾਹਿਬ ਵਰਗਾ ਦੂਰ ਅੰਦੇਸ਼ੀ ਅਤੇ ਮਹਾਨ ਨਾਇਕ ਦਰਵੇਸ਼ ਨਾ ਹੁੰਦਾ ਤਾਂ ਭਾਰਤ ਵਿੱਚ ਗੁਲਾਮੀ ਦਾ ਐਸਾ ਮੰਜਰ ਹੋਣਾ ਸੀ ਕਿ ਇਸਲਾਮ ਤੋਂ ਬਿਨਾ ਕੋਈ ਹੋਰ ਧਰਮ ਜਿਊਂਦਾ ਨਹੀਂ ਰਹਿਣਾ ਸੀ ਤੇ ਗੁਰੂ ਸਾਹਿਬ ਦੇ ਮਿਸ਼ਨ ਦੀ ਪੂਰਤੀ ਖਾਲਸਾ ਸਾਜਨਾ ਨਾਲ ਹੀ ਸੰਭਵ ਸੀ। ਖਾਲਸਾ ਪੰਥ ਦੀ ਸਥਾਪਨਾ ਨੇ ਹਿੰਦੂਸਤਾਨ ਦੇ ਨਵੇਂ ਭੱਵਿਖ ਦੀ ਰਚਨਾ ਕੀਤੀ।

ਖਾਲਸਾ ਸਾਜਨਾ ਨਾਲ ਪ੍ਰਗਟੇ ਖਾਲਸੇ ਦਾ ਨਵਾਂ ਸਰੂਪ ਸ਼ਸਤਰਧਾਰੀ ਸੀ। ਉਸ ਕੋਲ ਆਪਣੀ ਯੁੱਧ ਨੀਤੀ ਸੀ। ਸ਼ਹਾਦਤ ਦੀ ਗੁੜਤੀ ਉਸ ਨੂੰ ਖਾਲਸਾ ਬਣਨ ਦੇ ਪਹਿਲੇ ਨਿਯਮ ਵਜੋਂ ਪ੍ਰਾਪਤ ਹੋਣੀ ਸੀ। ਨਿਰਭਉ ਅਤੇ ਨਿਰਵੈਰ ਖਾਲਸਾ ਦੇਸ਼, ਕੌਮ ਲਈ ਲੜਨ ਮਰਨ ਲਈ ਤਿਆਰ ਬਰ ਤਿਆਰ ਰਹੇਗਾ। ਹੁਣ ਖਾਲਸਾ –

ਜਬ ਆਵ ਕੀ ਅਉਧ ਨਿਧਾਨ ਬਨੈ,

ਅਤ ਹੀ ਰਨ ਮਹਿ ਤਬ ਜੂਝ ਮਰੋਂ॥

ਦਾ ਧਾਰਨੀ ਹੋ ਗਿਆ ਸੀ। ਖਾਲਸੇ ਕੋਲ ਮਰਿਆਦਾ ਸੀ ਤੇ ਉਹ ਹੁਣ ਉਸੇ ਦਾ ਧਾਰਨੀ ਵੀ ਸੀ। ਸਿੱਟੇ ਵਜੋਂ ਇਸ ਵਰਤੇ ਵਿਰਤਾਂਤ ਦਾ ਹਿੰਦੂਸਤਾਨ ਦੀ ਆਵੋ ਹਵਾ ਤੇ ਐਸਾ ਅਸਰ ਹੋਇਆ ਕਿ ਗੁਰੂ ਸਾਹਿਬਾਨ ਦੀ ਸਿੱਖੀ ਵਿਦੇਸ਼ਾਂ ਵਿੱਚ ਵੀ ਪ੍ਰਫੁਲਤ ਹੋਣ ਲੱਗ ਪਈ, ਗੁਲਾਮੀ ਦੇ ਸੰਗਲ ਗਲ੍ਹਾਂ ਚੋਂ ਲਹਿਣੇ ਸ਼ੁਰੂ ਹੋ ਗਏ ਤੇ ਸ਼ਹਾਦਤਾਂ ਦਾ ਐਸਾ ਦੌਰ ਸ਼ੁਰੂ ਹੋਇਆ ਜਿਸਨੇ ਮੁਗਲ ਹਕੂਮਤ ਦਾ ਨਾਮੋ ਨਿਸ਼ਾਨ ਹੀ ਮਿਟਾ ਕੇ ਰੱਖ ਦਿੱਤਾ। ਭਾਰਤ ਦੀ ਭੂਗੋਲਿਕਤਾ 'ਚ ਸੁਧਾਰ ਵੱਜੋਂ ਗੁਰਸਿੱਖੀ ਸਰੂਪ ਦਾ ਐਸਾ ਦ੍ਰਿਸ਼ਟੀਕੋਣ ਫੈਲਾਅ ਹੋਇਆ ਕਿ ਖਾਲਸਾ ਸਰਭ ਸਾਂਝੀਵਾਲਤਾ ਵਾਲਾ ਤੇ ਰੱਖਿਅਕ ਧਰਮ ਸਿੱਧ ਹੋਇਆ। ਜਿਸਦੇ ਫਲਸਰੂਪ ਸਮਾਨਤਾ, ਨਿੱਡਰਤਾ, ਸਵੈਮਾਨ ਅਤੇ ਜੂਝਾਰੂ ਸਮਾਜ ਦਾ ਨਿਰਮਾਣ ਹੋਇਆ।

# ਤਬ ਖਾਲਸ ਤਾਹਿ ਨਖਾਲਸ ਜਾਨੈ

*(ਪ੍ਰੋਫੈਸਰ ਹਰਵਿੰਦਰ ਕੌਰ ਜੀ, ਫਰੀਦਾਬਾਦ)*

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਕਰਨ ਤੋਂ ਬਾਅਦ ਗੁਰਸਿੱਖਾਂ ਨੂੰ ਤਾਕੀਦ ਕੀਤੀ ਸੀ ਕਿ ਜਦੋਂ ਤੱਕ ਗੁਰਸਿੱਖ ਪਖੰਡ ਤੋਂ ਰਹਿਤ ਹੈ, ਬ੍ਰਾਹਮਣ ਵਾਲੀਆਂ ਰੀਤੀਆਂ ਕੁਰੀਤੀਆਂ ਤੋਂ ਬਚਿਆ ਹੋਇਆ ਹੈ, ਤਦੋਂ ਤਕ ਹੀ ਖਾਲਸਾ ਹੈ, ਪਖੰਡਾਂ ਵਿੱਚ ਰੱਤੇ ਸਿੱਖ ਵਿੱਚ ਮੇਰਾ ਵਿਸ਼ਵਾਸ ਨਹੀਂ -

*ਜਬ ਲਗ ਖਾਲਸਾ ਰਹੈ ਨਿਆਰਾ*
*ਤਬ ਲਗ ਤੇਜ ਦੀਓ ਮੈ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨਾ ਕਰੋਂ ਇਨ ਦੀ ਪ੍ਰਤੀਤ॥* **ਸਰਬ ਲੋਹ ਗ੍ਰੰਥ**

ਜਿਹੜਾ ਇਕ ਪਰਮਾਤਮਾ ਦੀ ਹੀ ਉਪਾਸ਼ਨਾ ਕਰਦਾ ਹੈ, ਪ੍ਰਭੂ ਦਾ ਨਾਮ ਹੀ ਦਿਨ ਰਾਤ ਜਪਦਾ ਹੈ, ਇਕ ਅਕਾਲ ਪੁਰਖ ਤੇ ਹੀ ਪੂਰਨ ਵਿਸ਼ਵਾਸ਼ ਕਰਦਾ ਹੈ, ਪ੍ਰਭੂ ਦੇ ਡਰ-ਅਦਬ ਵਿਚ ਰਹਿੰਦਾ ਹੈ, ਉਹੀ ਖਾਲਸਾ ਹੈ। ਅਕਾਲ ਪੁਰਖ ਦੇ ਬਰਾਬਰ ਕੋਈ ਵੀ ਨਹੀਂ -

*ਅਵਰ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ॥*
*ਅੰਗ - ੫੯੭*

ਪ੍ਰਮਾਤਮਾ ਦੇ ਬਿਨਾਂ ਹੋਰ ਕੋਈ ਸਹਾਈ ਵੀ ਨਹੀਂ -

*ਏਕੁ ਸਿਮਰਿ ਮਨ ਮਾਹੀ॥੧॥ਰਹਾਉ॥*
*ਨਾਮੁ ਧਿਆਵਹੁ ਰਿਦੈ ਬਸਾਵਹੁ*
*ਤਿਸੁ ਬਿਨੁ ਕੋ ਨਾਹੀ।੧।* *ਅੰਗ - ੪੭*

ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੀ ਅਸਲ ਧਾਰਮਿਕ ਕਰਮ-ਧਰਮ ਹੈ -

*ਕਰਮ ਧਰਮ ਇਹੁ ਤਤੁ ਗਿਆਨੁ॥*
*ਸਾਧਸੰਗਿ ਜਪੀਐ ਹਰਿ ਨਾਮੁ॥* *ਅੰਗ - ੮੯੬*

ਦੇਵੀ ਦੇਵਤਾ, ਦੇਹਧਾਰੀ ਗੁਰੂਆਂ, ਬਨਾਉਟੀ ਸੰਤਾ, ਮੜ੍ਹੀ ਮਸਾਣੀ ਆਦਕ ਦੀ ਪੂਜਾ ਗੁਰਮਤਿ ਵਿਚ ਵਰਜਿਤ ਹੈ।

*ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥* *ਅੰਗ - ੬੩੪*

ਜਿਹੜਾ ਇੱਕ ਪਰਮਾਤਮਾ ਵਿਚ ਵਿਸ਼ਵਾਸ ਨਹੀਂ ਰੱਖਦਾ ਉਹ ਦੁਬਿਧਾ ਵਿਚ ਪਿਆ ਰਹਿੰਦਾ ਹੈ ਅਤੇ ਪਖੰਡੀ ਗੁਰੂਆਂ, ਬਨਾਉਟੀ ਸੰਤਾ, ਜੋਤਸ਼ੀਆ ਆਦਿਕ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ। ਉਹ ਇਹ ਭੁੱਲ ਜਾਂਦਾ ਹੈ ਕਿ ਗੁਰਸਿੱਖ ਲਈ ਬਾਣੀ ਹੀ ਗੁਰੂ ਹੈ ਅਤੇ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਨੂੰ ਹਿਰਦੇ ਵਿਚ ਵਸਾਣ ਵਾਲੇ ਪਰਮਾਤਮਾ ਦੇ ਚੋਰ ਅਤੇ ਆਤਮਘਾਤੀ ਹਨ।

'ਕ੍ਰਿਪਾਨਿਧਿ ਛੋਡਿ ਆਨ ਕਉ ਪੂਜਹਿ ਆਤਮਘਾਤੀ ਹਰਤੇ।' ਐਸੇ ਮਨੁੱਖ ਗੁਰਸਿੱਖ ਖਾਲਸਾ ਨਹੀਂ ਅਖਵਾਉਂਦੇ। ਪ੍ਰਭੂ ਦੀ ਬੰਦਗੀ ਛੱਡ ਕੇ ਹੋਰ ਬਿਗਾਨੀ ਕਾਰ ਕਰਨ ਵਾਲਿਆਂ ਦਾ ਜੀਉਣਾ ਫਿਟਕਾਰ ਯੋਗ ਹੈ। ਐਸੇ ਮਨੁੱਖ ਮਾਨੋਂ ਅੰਮ੍ਰਿਤ ਨੂੰ ਤਿਆਗ ਕੇ ਜ਼ਹਿਰ ਇਕੱਠਾ ਕਰਨ ਵਿੱਚ ਲੱਗੇ ਰਹਿੰਦੇ ਹਨ -

*ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗ ਵਾਸੁ॥*
*ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ॥*
*ਅੰਗ - ੫੮੬*

ਇਕ ਅਕਾਲ ਪੁਰਖ ਦੀ ਅਰਾਧਨਾ ਉਪਾਸਨਾ ਅਤੇ ਸਿਮਰਨ ਕਰਨ ਵਾਲੇ ਹੀ ਸੰਸਾਰ ਸਮੁੰਦਰ ਤੋਂ ਪਾਰ ਹੁੰਦੇ ਹਨ -

*ਸੰਸਾਰੁ ਸਾਗਰੁ ਤਿਨੀ ਤਰਿਆ*
*ਜਿਨੀ ਏਕੁ ਧਿਆਇਆ॥*
*ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ*
*ਪ੍ਰਭ ਸਰਣਾਈ ਆਇਆ॥* *ਅੰਗ - ੪੬੧*

ਪਰਮਾਤਮਾ ਨੂੰ ਸਿਮਰਨ ਵਾਲਾ ਆਪਣੇ ਅੰਦਰੋਂ ਕਾਮ, ਕ੍ਰੋਧ, ਮੋਹ, ਲੋਭ ਅਤੇ ਹੰਕਾਰ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ -

*ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ॥*

*ਅੰਗ - ੭੪੨*

ਜਿਹੜੇ ਮਨੁੱਖ ਪਰਮਾਤਮਾ ਤੋਂ ਬਿਨਾਂ ਕਿਸੇ ਦੇਵੀ ਦੇਵਤਾ ਆਦਿਕ ਦੀ ਪੂਜਾ ਵਿੱਚ ਲੱਗੇ ਰਹਿੰਦੇ ਹਨ ਅਤੇ ਤੀਰਥ-ਇਸ਼ਨਾਨ ਆਦਿਕ ਨੂੰ ਧਾਰਮਿਕ ਕਰਮ ਮੰਨ ਕੇ ਧਾਰਮਿਕ ਹੋਣ ਦਾ ਅਹੰਕਾਰ ਕਰਦੇ ਹਨ ਉਹ ਮੋਹ ਦੇ ਬੰਧਨਾਂ ਵਿੱਚ ਜਕੜੇ ਰਹਿੰਦੇ ਹਨ, ਪਰਮਾਤਮਾ ਨੂੰ ਨਹੀਂ ਪ੍ਰਾਪਤ ਕਰ ਸਕਦੇ -

*ਪੂਜਾ ਅਰਚਾ ਬੰਦਨ ਡੰਡਉਤ*
*ਖਟੁ ਕਰਮਾ ਰਤੁ ਰਹਤਾ॥*
*ਹਉ ਹਉ ਕਰਤ ਬੰਧਨ ਮਹਿ ਪਰਿਆ*
*ਨਹ ਮਿਲੀਐ ਇਹ ਜੁਗਤਾ॥* *ਅੰਗ - ੬੪੨*

ਤੀਰਥ-ਇਸ਼ਨਾਨ ਆਦਿਕ ਧਾਰਮਿਕ ਕਰਮ ਅਹੰਕਾਰ ਰੂਪ ਮੈਲ ਨੂੰ ਹੀ ਵਧਾਉਂਦੇ ਹਨ -

*ਕੋਟਿ ਤੀਰਥ ਮਜਨ ਇਸਨਾਨਾ*
*ਇਸੁ ਕਲਿ ਮਹਿ ਮੈਲੁ ਭਰੀਜੈ॥*
*ਸਾਧਸੰਗਿ ਜੋ ਹਰਿ ਗੁਣ ਗਾਵੈ*
*ਸੋ ਨਿਰਮਲ ਕਰਿ ਲੀਜੈ॥* *ਅੰਗ - ੭੪੭*

ਜਿਹੜਾ ਰਾਤ ਦਿਨ ਪਰਮਾਤਮਾ ਦਾ ਨਾਮ ਜਪਦਾ ਹੈ, ਜਿਸ ਮਨੁੱਖ ਨੂੰ ਗੁਰੂ ਰਾਹੀਂ ਆਤਮਿਕ ਜੀਵਨ ਦਾ ਗਿਆਨ ਹੋ ਗਿਆ ਹੈ ਉਸ ਲਈ ਇਹ ਮਨ ਹੀ ਕਾਸ਼ੀ ਹੈ। ਉਸ ਦੇ ਮਨ ਵਿਚ ਹੀ ਸਾਰੇ ਤੀਰਥ ਹਨ, ਜਿਸ ਮਨ ਵਿਚ ਪਰਮਾਤਮਾ ਵੱਸਦਾ ਹੈ -

*ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ*
*ਸਤਿਗੁਰਿ ਦੀਆ ਬੁਝਾਇ॥*
*ਅਠਸਠਿ ਤੀਰਥ ਤਿਸੁ ਸੰਗਿ ਰਹਹਿ*
*ਜਿਨ ਹਰਿ ਹਿਰਦੈ ਰਹਿਆ ਸਮਾਇ॥੪॥*

*ਅੰਗ - ੪੯੧*

ਪਰਮਾਤਮਾ ਦੇ ਗੁਣਾਂ ਦੀ ਸਿਫਤਿ ਸਾਲਾਹ ਆਤਮਕ ਅਡੋਲਤਾ ਵਿੱਚ ਹੀ ਕੀਤੀ ਜਾ ਸਕਦੀ ਹੈ। ਜਿਸ ਦਾ ਮਨ ਇੱਧਰ-ਉੱਧਰ ਦੌੜਦਾ ਰਹਿੰਦਾ ਹੈ ਉਹ ਪ੍ਰਭੂ ਦੇ ਗੁਣ ਨਹੀਂ ਗਾ ਸਕਦਾ ਅਤੇ ਨਾ ਹੀ ਸ਼ੁਭ ਗੁਣਾਂ ਦਾ ਧਾਰਨੀ ਹੋ ਸਕਦਾ ਹੈ - ਮਨੂਆ ਦਹ ਦਿਸ ਧਾਵਦਾ ਓਹ ਕੈਸੇ ਹਰਿ ਗੁਣ ਗਾਵੈ॥ (ਅੰਗ - ੫੬੫) ਇਸ ਲਈ ਜਿਹੜੇ ਮਨੁੱਖ ਭਗਤੀ ਦਾ ਵਿਖਾਵਾ ਤਾਂ ਕਰਦੇ ਹਨ ਪਰ ਮਨ ਵਸ ਵਿਚ ਨਹੀਂ ਕਰ ਸਕਦੇ ਉਹਨਾਂ ਦੀ ਕੀਤੀ ਭਗਤੀ ਨਿਸਫਲ ਹੋ ਜਾਂਦੀ ਹੈ। ਉਹ ਵੀ ਕੂੜ ਕ੍ਰਿਆ ਵਿੱਚ ਹੀ ਲੱਗੇ ਹੋਏ ਹਨ।

ਜਦੋਂ ਤੱਕ ਮਨ ਛਲ-ਕਪਟ ਤੋਂ ਰਹਿਤ, ਪਵਿਤ੍ਰ ਨਾ ਹੋਵੇ, ਪ੍ਰਭੂ-ਸਿਮਰਨ ਵਿੱਚ ਟਿਕਿਆ ਨਾ ਹੋਵੇ, ਪੂਜਾ, ਪਾਠ ਕਰਨਾ ਆਦਿਕ ਪਾਖੰਡ ਬਣ ਜਾਂਦਾ ਹੈ। ਜਿਹੜਾ ਮਨੁੱਖ ਹਿਰਦੇ ਵਿੱਚ ਕਪਟ ਰੱਖਕੇ ਅੱਖਾਂ ਨੂੰ ਮੀਟ ਕੇ ਭਗਤੀ ਦਾ ਵਿਖਾਵਾ ਕਰਦਾ ਹੈ ਉਹ ਅੰਨ੍ਹਾ ਹੈ ਕਿਉਂਕਿ ਨਿਰੀਆਂ ਅੱਖਾਂ ਬੰਦ ਕਰਨ ਨਾਲ ਜੀਵਨ ਦਾ ਸਹੀ ਰਸਤਾ ਨਹੀਂ ਲਭ ਜਾਂਦਾ -

*ਆਂਖ ਮੂੰਦਿ ਕੋਊ ਡਿੰਭ ਦਿਖਾਵੈ॥*
*ਆਂਧਰ ਕੀ ਪਦਵੀ ਕਹਿ ਪਾਵੈ॥*
*ਆਂਖ ਮੀਚ ਮਗ ਸੂਝ ਨ ਜਾਈ॥*
*ਤਾਹਿ ਅਨੰਤ ਮਿਲੈ ਕਿਮ ਭਾਈ॥ ਬਚਿਤ੍ਰ ਨਾਟਕ ੬੬੨*

ਇਸੇ ਤਰ੍ਹਾਂ ਜਿਹੜੇ ਸਿਰਫ ਸਰੀਰ ਉਤੇ ਬਨਾਉਟੀ ਭੇਖ ਧਾਰਨ ਕਰਦੇ ਹਨ ਪਰ ਮਨ ਭਟਕਦਾ ਰਹਿੰਦਾ ਹੈ, ਦੂਜਿਆਂ ਦਾ ਹੱਕ ਮਾਰਦੇ ਰਹਿੰਦੇ ਹਨ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿੱਚ ਫਸੇ ਰਹਿੰਦੇ ਹਨ ਉਹ ਵੀ ਪ੍ਰਮਾਤਮਾ ਦੇ ਪਿਆਰੇ ਨਹੀਂ ਹੁੰਦੇ -

*ਜੇ ਜੇ ਭੇਖ ਸੁ ਤਨ ਮੈਂ ਧਾਰੈ॥*
*ਤੇ ਪ੍ਰਭੁ ਜਨ ਕਛੁ ਕੈ ਨ ਬਿਚਾਰੈ॥*
*ਸਮਝ ਲੇਹੁ ਸਭ ਜਨ ਮਨ ਮਾਹੀ॥*
*ਡਿੰਭਨ ਮੈ ਪਰਮੇਸਰੁ ਨਾਹੀ॥* *ਬਚਿਤ੍ਰ ਨਾਟਕ ੬/੫੩*

ਅਸਲ ਵਿਚ ਜਿਹੜੇ ਮਨੁੱਖ ਅਕਾਲ ਪੁਰਖ ਵਾਹਿਗੁਰੂ ਦੀ ਬੰਦਗੀ ਤਿਆਗ ਕੇ ਕੂੜ ਕ੍ਰਿਆ ਵਿੱਚ ਉਲਝੇ ਰਹਿੰਦੇ ਹਨ ਉਹ ਮਾਨੋ ਮੂਲ ਨੂੰ ਛੱਡ ਕੇ ਡਾਲੀ ਤੋਂ ਛਾਂ ਦੀ ਉਮੀਦ ਕਰਦੇ ਹਨ।

*ਮੂਲ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ॥*

*ਅੰਗ - ੪੨*

ਪਰ ਸਿਰਫ ਮੂੰਹੋਂ ਪਰਮਾਤਮਾ ਦਾ ਨਾਮ ਲੈਣਾ ਹੀ ਕਾਫ਼ੀ ਨਹੀਂ ਹੈ। ਪਰਮਾਤਮਾ ਦਾ ਨਾਮ ਮਨ ਵਿਚ ਵੱਸਣਾ ਚਾਹੀਦਾ ਹੈ -

*ਰਾਮ ਰਾਮ ਸਭੁ ਕੋ ਕਹੈ*
*ਕਹਿਐ ਰਾਮੁ ਨ ਹੋਇ॥*
*ਗੁਰ ਪਰਸਾਦੀ ਰਾਮੁ ਮਨਿ ਵਸੈ*
*ਤਾਂ ਫਲੁ ਪਾਵੈ ਕੋਇ॥* *ਅੰਗ - ੪੯੧*

ਪਰਮਾਤਮਾ ਦਾ ਨਾਮ ਮਨ ਵਿੱਚ ਵਸਾਕੇ ਮਨੁੱਖ ਅਨੇਕਾਂ ਡਰਾਂ ਨਾਲ ਭਰਪੂਰ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ਪਰਮਾਤਮਾ ਦੇ ਚਰਣ ਮਾਨੋਂ ਸੋਹਣਾ ਜਹਾਜ ਹਨ। ਜਿਹੜਾ ਮਨੁੱਖ ਗੁਰ-ਸ਼ਬਦ ਅਨੁਸਾਰ ਜੀਵਨ ਜਿਉਂਦਾ ਹੈ ਅਤੇ ਜੀਵਨ ਜਾਚ ਦੀ ਘਾੜਤ

ਘੜਦਿਆਂ ਹਰਿ ਚਰਨਾਂ ਦੀ ਅਰਾਧਨਾ ਕਰਦਾ ਹੈ ਉਹ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ -

*ਭੈ ਸਾਗਰੋ ਭੈ ਸਾਗਰੁ ਤਰਿਆ*
*ਹਰਿ ਹਰਿ ਨਾਮੁ ਧਿਆਏ ਰਾਮ॥*
*ਬੋਹਿਥੜਾ ਹਰਿ ਚਰਣ ਅਰਾਧੇ*
*ਮਿਲਿ ਸਤਿਗੁਰ ਪਾਰਿ ਲੰਘਾਏ ਰਾਮ॥ ਅੰਗ - ੭੮੨*

ਇਸ ਲਈ ਮਨ ਨੂੰ ਪਵਿਤ੍ਰ ਰੱਖਦੇ ਇੱਕ ਅਕਾਲ ਪੁਰਖ ਨਾਲ ਪਿਆਰ ਕਰਨਾ ਹੀ ਤੀਰਥ-ਇਸ਼ਨਾਨ, ਦਾਨ, ਪੁੰਨ ਅਤੇ ਤਪ ਕਰਨਾ ਹੈ ਕਿਉਂਕਿ ਪਰਮਾਤਮਾ ਨੂੰ ਪਿਆਰ ਕਰਨ ਵਾਲਾ ਸ਼ੁਭ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਉਸਦੇ ਅੰਦਰੋਂ ਕਾਮ, ਕ੍ਰੋਧ, ਹੰਕਾਰ, ਈਰਖਾ ਅਤੇ ਮਾਇਆ ਦੀ ਤ੍ਰਿਸ਼ਨਾ ਆਦਿਕ ਸਾਰੀ ਆਸੁਰੀ ਸੰਪਦਾ ਨਸ਼ਟ ਹੋ ਜਾਂਦੀ ਹੈ। ਗੁਰਵਾਕ ਹੈ -

*ਕਾਮ ਕ੍ਰੋਧ ਮਦ ਮਤਸਰ ਤ੍ਰਿਸ਼ਨਾ*
*ਬਿਨਸਿ ਜਾਹਿ ਹਰਿ ਨਾਮੁ ਉਚਾਰੀ॥*
*ਇਸ਼ਨਾਨ ਦਾਨ ਤਾਪਨ ਸੁਚਿ ਕਿਰਿਆ,*
*ਚਰਣ ਕਮਲ ਹਿਰਦੈ ਪ੍ਰਭ ਧਾਰੀ॥ ਅੰਗ - ੧੩੮੯*

ਪਰਮਾਤਮਾ ਨੂੰ ਪਿਆਰ ਕਰਨ ਵਾਲਾ ਇਹ ਸਮਝ ਜਾਂਦਾ ਹੈ ਕਿ ਉਹ ਪਰਮਾਤਮਾ ਦੀ ਹੀ ਅੰਸ਼ ਹੈ। ਉਸਦੇ ਅੰਦਰ ਪ੍ਰਭੂ ਦੀ ਜੋਤਿ ਜਗ ਪੈਂਦੀ ਹੈ। ਉਹ ਉਚ-ਨੀਚ, ਅਮੀਰ-ਗਰੀਬ, ਚੰਗੇ-ਮੰਦੇ ਸਾਰਿਆ ਵਿੱਚ ਹੀ ਪ੍ਰਮਾਤਮਾ ਦੀ ਜੋਤਿ ਨੂੰ ਵੇਖਦਾ ਹੈ। ਐਸਾ ਮਨੁੱਖ ਕਦੇ ਵੀ ਕਿਸੇ ਦਾ ਮੰਦਾ ਨਹੀਂ ਸੋਚਦਾ, ਉਠਦੇ, ਬੈਠਦੇ, ਸੌਂਦੇ, ਜਾਗਦੇ ਸਦਾ ਹੀ ਪਰਮਾਤਮਾ ਨੂੰ ਯਾਦ ਰੱਖਦਾ ਹੈ। ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ। ਜਿਸਦੇ ਮਨ ਵਿੱਚ ਪ੍ਰਮਾਤਮਾ ਦੀ ਜੋਤਿ ਜਗ ਪਵੇ ਉਹੀ ਗੁਰਸਿੱਖ ਹੈ, ਉਹੀ ਖਾਲਸਾ ਹੈ -

*ਜਾਗਤ ਜੋਤ ਜਪੈ ਨਿਸ ਬਾਸੁਰ,*
*ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ,*
*ਏਕ ਬਿਨਾ ਨਹ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

*੩੩ ਸਵੈਯੇ ਪਾ: ੧੦*

*(ਪੰਨਾ 20 ਦੀ ਬਾਕੀ)*

ਹਨ, ਨਹੀਂ ਤਾਂ ਆਮ ਸਿਖ ਸੰਗਤਾਂ ਵਿਚ ਰਸਮੋ ਰਸਮੀ 'ਸਤਿ ਸ੍ਰੀ ਅਕਾਲ' ਤੇਜ਼ ਰੋਜ਼ ਕਾਹਲੀ ਕਾਹਲੀ ਆਖ ਕੇ ਗੱਲ ਮੁਕਾਈ ਜਾਂਦੀ ਹੈ। ਇਹ ਇਵੇਂ ਹੈ ਜਿਵੇਂ ਆਖਣ ਵਾਲਾ ਬਿਨਾਂ ਕਿਸੇ ਵਿਸ਼ਵਾਸ-ਭਰੋਸੇ ਦੇ ਕੁਝ ਅਖਰ, ਕਾਹਲੀ ਕਾਹਲੀ ਕਹਿ ਗਿਆ ਹੋਵੇ। ਕਈ ਆਪਣੇ ਆਪ ਨੂੰ ਸੰਤ ਮਹਾਂਪੁਰਸ਼ ਸਦਵਾਉਂਦੇ ਐਸੇ ਭੀ ਦੇਖੇ ਜਾਂਦੇ ਹਨ ਜੋ ਸਿੰਘਾਂ ਨੂੰ ਤਾਂ ਫਤਹ ਗਜਾਉਂਦੇ ਹਨ, ਪਰ ਬੀਬੀਆਂ ਨੂੰ ਸਤਿ ਸ੍ਰੀ ਅਕਾਲ! ਇਹ ਵਿਤਕਰਾ ਕਿਉਂ? ਕੁਝ ਸਮਝ ਨਹੀਂ ਆਈ।

ਅਜ ਸਮਾਂ ਹੈ, ਜਦ ਖਾਲਸੇ ਵਿਚ ਆਪਣੇ ਪੁਰਾਤਨ ਵਿਰਸੇ ਨੂੰ ਸਾਂਭਣ ਦੀ ਚੇਤਨਾ ਪੈਦਾ ਹੋ ਰਹੀ ਹੈ। ਇਸ ਦੀ ਮਹੱਤਤਾ ਨੂੰ ਜਾਨਣ ਦੀ ਜ਼ਰੂਰਤ ਹੈ ਅਤੇ ਲੋੜ ਹੈ ਇਸ ਫਤਹ ਦਾ ਬੋਲ-ਬਾਲਾ ਪੂਰੀ ਤਰ੍ਹਾਂ ਸੁਰਜੀਤ ਕੀਤਾ ਜਾਏ। ਜੋ ਭਾਈ ਦਇਆ ਸਿੰਘ ਔਰੰਗਜ਼ੇਬ ਦੇ ਸਨਮੁਖ ਮੁਸਲਮਾਨੀ ਅਦਬ ਆਦਾਬ ਨੂੰ ਇਕ ਪਾਸੇ ਰਖ ਕੇ ਗਜ ਕੇ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ' ਗਜਾ ਸਕਦੇ ਸਨ ਤਾਂ ਅਜੋਕੇ ਖਾਲਸੇ ਨੂੰ ਕਿਸ ਤੋਂ ਸੰਗ ਆਉਂਦੀ ਹੈ? ਜਾਂ ਕਿਸ ਦਾ ਡਰ ਹੈ? ਜੇ ਸਾਨੂੰ ਵਾਹਿਗੁਰੂ ਜੀ ਦੀ ਜੈ ਜੈਕਾਰ ਕਹਿਣ ਵਿਚ ਭੀ ਸੰਕੋਚ ਤੇ ਡਰ ਹੈ ਤਾਂ ਫਿਰ ਸਾਨੂੰ ਆਪਣਾ ਖਾਲਸਈ ਮਿਸ਼ਨ ਭੀ ਭੁੱਲ ਗਿਆ ਸਮਝੋ। ਕਲਗੀਧਰ ਜੀ ਦੇ ਉਦੇਸ਼ ਨੂੰ ਮੁੱਖ ਰਖ ਕੇ ਅਸਾਂ ਆਪ ਭੀ ਚੇਤੇ ਰਖਣਾ ਹੈ ਤੇ ਹੋਰ ਖਾਲਸਾ ਜੀ ਨੂੰ ਭੀ ਚੇਤੇ ਕਰਵਾਉਂਦੇ ਰਹਿਣਾ ਹੈ ਕਿ ਅਸੀਂ ਭੁੱਲੀ ਭਟਕੀ ਚੌਰਾਸੀ ਨਹੀਂ ਹਾਂ, ਸਗੋਂ ਖ਼ਾਲਸਾ ਹਾਂ ਅਤੇ ਖ਼ਾਲਸਾ ਵਾਹਿਗੁਰੂ ਜੀ ਦਾ ਹੈ ਅਤੇ ਇਸ ਸੰਸਾਰ ਵਿਚ ਉਸ ਵਾਹਿਗੁਰੂ ਜੀ ਦੀ ਹੀ ਜੈ ਜੈਕਾਰ ਹੋਣੀ ਹੈ।

ਦਸਵੇਂ ਪਾਤਸ਼ਾਹ ਤੋਂ ਥੋੜਾ ਸਮਾਂ ਪਿਛੋਂ, ੧੭੧੦-੧੫ ਈਸਵੀ ਵਿਚਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸੇ ਦੀ ਫਤਹ ਵਿੱਚ ਫ਼ਰਕ ਪਾਣਾ ਚਾਹਿਆ ਅਤੇ 'ਫਤਹੁ ਦਰਸ਼ਨ' ਦੇ ਸੰਬੋਧਨੀ ਵਾਕ ਪ੍ਰਚਲਤ ਕਰਨੇ ਚਾਹੇ। ਬੰਦਈ ਖਾਲਸੇ ਤੇ ਤੱਤ ਖਾਲਸੇ ਵਿਚਕਾਰ ਫਤਹ ਦੇ ਨਵੇਂ ਸੰਬੋਧਨੀ ਵਾਕਾਂ ਉਤੇ ਤਗੜਾ ਵਿਵਾਦ ਉਠ ਖੜਾ ਹੋਇਆ। ਹੋਰ ਭੀ ਕੁਝ ਫ਼ਰਕ ਸਨ, ਪਰ ਫਤਹ ਦਾ ਮਸਲਾ ਭੀ ਕਾਫੀ ਮਹੱਤਤਾ ਵਾਲਾ ਸੀ। ਤੱਤ ਖਾਲਸੇ ਦਾ ਇਸ ਵਾਦ-ਵਿਵਾਦ ਵਿਚ ਜਿੱਤ ਜਾਣਾ ਪਿਛੋਂ ਆਉਣ ਵਾਲੀਆਂ ਪੀੜੀਆਂ ਲਈ ਨਰੋਆ ਸਿੱਧ ਹੋਇਆ। ਸ਼ੁਕਰ ਹੈ ਗੁਰੂ ਦੀ ਬਖਸ਼ੀ ਫਤਹਿ ਸਾਡੇ ਪਾਸ ਹੈ ਅਤੇ ਸਦਾ ਸਾਨੂੰ ਯਾਦ ਕਰਾਉਂਦੀ ਹੈ ਕਿ ਜੋ ਸਿੰਘ ਵਾਹਿਗੁਰੂ ਜੀ ਨੂੰ ਅੰਗ ਸੰਗ ਜਾਣਦਾ ਹੈ, ਉਸਦੀ ਸਦਾ ਫਤਹਿ ਹੁੰਦੀ ਹੈ। 'ਫਤਹ' ਸਾਡਾ ਇਕ ਉਤੇ ਵਿਸ਼ਵਾਸ ਹੋਣ ਦਾ ਪ੍ਰਤੀਕ ਹੈ। ਅਸੀਂ ਉਸ ਦੀ ਸਦਾ ਜੈ ਜੈਕਾਰ ਗਜਾਉਣੀ ਹੈ।

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਬਾਰੇ

*[(ਸਵਰਗੀ) ਪ੍ਰਿ. ਗੁਰਮੁਖ ਸਿੰਘ, ਪਟਿਆਲਾ]*

ਆਪ ਜੀ ਦਾ ਜਨਮ 7 ਜੁਲਾਈ 1878 ਈ. ਨੂੰ ਨੱਥਾ ਸਿੰਘ ਦੇ ਘਰ ਹੋਇਆ। ਆਪ ਜੀ ਦੇ ਪਿਤਾ ਨਾਭਾ ਰਿਆਸਤ ਦੇ ਹਾਈ ਕੋਰਟ ਦੇ ਜੱਜ ਸਨ। ਕਾਲਜ ਦੀ ਪੜ੍ਹਾਈ ਲਈ ਲਾਹੌਰ ਵਿਖੇ ਰਹੇ। ਪਿਤਾ ਨੇ ਖਾਸ ਤੌਰ ਤੇ ਸਵੇਰੇ ਇਸ਼ਨਾਨ ਤੋਂ ਬਾਅਦ ਜਪੁਜੀ ਸਾਹਿਬ ਦਾ ਪਾਠ ਅਤੇ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਨ ਦੀ ਤਾਕੀਦ ਕੀਤੀ। ਨਾਲੇ ਗੁਟਕਾ ਭੀ ਭੇਜ ਦਿੱਤਾ। ਬਾਣੀ ਨੇ ਆਪ ਦੇ ਹਿਰਦੇ ਅੰਦਰ ਕ੍ਰਿਸ਼ਮਈ ਅਸਰ ਕੀਤਾ। ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ॥ ਇਕ ਬਿਰਧ ਬਾਬੇ ਨੇ ਅਸੀਸ ਦਿੱਤੀ "ਜਾਹ ਤੇਰੇ ਤੇ ਗੁਰੂ ਕੀ ਖੁਸ਼ੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਭੀ ਕਰਿਆ ਕਰ।

ਆਪਨੇ 1900 ਵਿਚ ਬੀ.ਏ. ਪਾਸ ਕੀਤੀ ਅਤੇ ਤਹਿਸੀਲਦਾਰ ਬਣੇ। ਪਿੰਡ ਬਕਾਪੁਰ ਵਿਖੇ ਜਦੋਂ ਆਪ ਜੀ ਨੇ ਅੰਮ੍ਰਿਤ ਛਕਿਆ ਆਪ ਜੀ ਦੇ ਪਹਿਲੇ ਨਾਮ ਬਸੰਤ ਸਿੰਘ ਤੋਂ ਰਣਧੀਰ ਸਿੰਘ ਨਾਮ ਪੰਜਾਂ ਪਿਆਰਿਆਂ ਨੇ ਰੱਖਿਆ। ਇਸ ਅੰਮ੍ਰਿਤ ਸਮਾਗਮ ਵਿਚ ਇਕ ਮੁਸਲਮਾਨ ਪਰਿਵਾਰ ਨੇ ਭੀ ਅੰਮ੍ਰਿਤ ਛਕਿਆ। ਉਹ ਕਰੀਮਬਖਸ਼ ਤੋਂ ਲਖਬੀਰ ਸਿੰਘ ਅਤੇ ਉਸਦੇ ਪੁੱਤਰ ਦਾ ਨਾਮ ਗੁਲਾਮ ਮੁਹੱਮਦ ਤੋਂ ਹਰਨਾਮ ਸਿੰਘ ਹੋਇਆ। ਇਉਂ ਅੰਮ੍ਰਿਤ ਛਕਣ ਤੋਂ ਮਗਰੋਂ ਆਪ ਉਪਰ ਕੀ ਕਲਾ ਵਰਤੀ ਇਹ ਤਾਂ ਉਹ ਆਪ ਹੀ ਜਾਣਦੇ ਹਨ।

ਵੈਰਾਗ ਅਵਸਥਾ ਵਿਚ ਆਪ ਨੇ ਤਹਿਸੀਲਦਾਰੀ ਵੀ ਛੱਡ ਦਿੱਤੀ। ਗੁਰਬਾਣੀ ਅਤੇ ਕੀਰਤਨ ਹੀ ਆਪ ਜੀ ਦੇ ਜੀਵਨ ਦਾ ਆਧਾਰ ਸਾਰੀ ਉਮਰ ਰਿਹਾ।

ਜਦੋਂ ਪਿੰਡ ਵਾਲਿਆਂ ਨੂੰ ਪਤਾ ਲਗਾ ਕਿ ਭਾਈ ਸਾਹਿਬ ਨੇ ਇਕ ਮੁਸਲਮਾਨ ਪਰਿਵਾਰ ਨਾਲ ਅੰਮ੍ਰਿਤ ਪਾਨ ਕੀਤਾ ਤਾਂ ਉਨ੍ਹਾਂ ਨੇ ਭਾਈ ਸਾਹਿਬ ਦਾ ਪੂਰਨ ਬਾਈਕਾਟ ਕੀਤਾ ਕਿਉਂਕਿ ਪਿੰਡ ਦੇ ਲੋਕ ਅਜੇ ਬ੍ਰਹਮਣੀ ਪ੍ਰਭਾਵ ਹੇਠ ਸਨ।

ਆਪ ਦੇ ਪਿੰਡ ਵਾਲੇ ਘਰ ਵਿਚ ਖੂਹੀ ਸੀ। ਅੱਧੀ ਖੂਹੀ ਪਿੰਡ ਦੇ ਲੋਕਾਂ ਲਈ ਛੱਡੀ ਹੋਈ ਸੀ। ਇਸ ਖੂਹੀ ਤੋਂ ਪਿੰਡ ਦੇ ਲੋਕਾਂ ਨੇ ਪਾਣੀ ਲੈਣਾ ਬੰਦ ਕਰ ਦਿੱਤਾ। ਜੇਲ ਯਾਤਰਾ ਤੋਂ ਵਾਪਸ ਪਿੰਡ ਪਰਤਣ ਤਕ ਉਹੋ ਬਾਈਕਾਟ ਚਲਦਾ ਰਿਹਾ। ਭਾਈ ਸਾਹਿਬ ਉਤੇ ਇਸਦਾ ਕੋਈ ਅਸਰ ਨਹੀਂ ਹੋਇਆ। ਸਗੋਂ ਉਹ ਚੜ੍ਹਦੀ ਕਲਾ ਵਿਚ ਰਹੇ। ਜਦੋਂ ਆਪ ਜੀ ਨੇ ਪਰਿਵਾਰ ਸਮੇਤ ਲੁਧਿਆਣੇ 79 ਮਾਡਲ ਟਾਊਨ ਨਿਵਾਸ ਕਰ ਲਿਆ ਤਾਂ ਪਿੰਡ ਵਾਲੇ ਘਰ ਨੂੰ ਸ਼ਾਨਦਾਰ ਗੁਰਦੁਆਰੇ ਸਾਹਿਬ ਦਾ ਰੂਪ ਦੇ ਦਿਤਾ। ਉਥੇ ਵੀ ਕਦੀ ਕਦਾਈ ਸਮਾਗਮ ਹੁੰਦੇ ਰਹੇ। ਦਾਸ ਵੀ ਇਨ੍ਹਾਂ ਸਮਾਗਮਾਂ ਵਿਚ ਸ਼ਾਮਲ ਹੁੰਦਾ ਰਿਹਾ। ਜੇਲ ਤੋਂ ਬਾਅਦ ਜਦੋਂ ਆਪ ਅਪਣੇ ਪਿੰਡ ਪੁੱਜੇ ਤਾਂ ਪਿੰਡ ਦੇ ਲੋਕਾਂ ਨੇ ਪਿਛਲੇ ਗੁੱਸੇ-ਗਿਲੇ ਭੁਲਾ ਕੇ ਆਪ ਜੀ ਦਾ ਇਕ ਦੇਸ਼ ਭਗਤ ਵਜੋਂ ਸੁਆਗਤ ਕੀਤਾ। ਇਥੇ ਹੀ ਬਸ ਨਹੀਂ, ਸਗੋਂ ਸਾਰੇ ਪੰਜਾਬ ਵਾਸੀਆਂ ਨੂੰ ਆਪ ਜੀ ਤੇ ਮਾਣ ਸੀ।

---

*(ਪੰਨਾ 9 ਦੀ ਬਾਕੀ)*

ਗਈ ਹੈ। ਜਥੇ ਨੂੰ ਸੇਧ ਦੇਣ ਲਈ ਕਦੀ ੧੦੧ ਮੈਂਬਰੀ ਕਮੇਟੀ ਤੇ ਕਦੀ ੧੧ ਮੈਂਬਰੀ ਕਮੇਟੀ ਤੇ ਕਦੀ ੩੧ ਮੈਂਬਰੀ ਕਮੇਟੀ ਬਣੀ। ਕੁਝ ਕੁ ਲੋਕ ਕਿੰਗ ਮੇਕਰ ਦਾ ਰੋਲ ਅਦਾ ਕਰਦੇ ਦਿਸਦੇ ਹਨ। ਸਾਡੇ ਬਜ਼ੁਰਗ ਬਾਊ ਮੱਲ ਸਿੰਘ ਜੀ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਕਿੰਗ ਮੇਕਰ ਦੀ ਥਾਂ ਤੇ ਪੰਚ ਪ੍ਰਧਾਨੀ ਸਿਸਟਮ ਦੇ ਹੱਕ ਵਿਚ ਸਨ। ਇਹ ਸਿਸਟਮ ਹੁਣ ਭੀ ਹਰ ਨਗਰ-ਨਗਰ ਵਿਚ ਹੋਣਾ ਚਾਹੀਦਾ ਹੈ। ਜਥਾ ਇਕ ਹੋਣਾ ਚਾਹੀਦਾ ਹੈ। ਮੁਕਾਬਲੇ ਦੇ ਕੀਰਤਨ ਪਰਵਾਨ ਨਹੀਂ ਹੁੰਦੇ। 'ਮਨ ਹੱਠ ਕਿਨੇ ਨਾ ਪਾਇਓ' ਦਾ ਹੁਕਮ ਧੁਰੋਂ ਹੀ ਹੋਇਆ ਹੈ।

# ਗੁਰੂ ਅਮਰਦਾਸ ਜੀ

## (2 ਅਪ੍ਰੈਲ ਗੁਰਿਆਈ ਦਿਵਸ ਤੇ)

*[ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ]*

ਬਖਸ਼ਦੀ ਮਾਣ ਨਿਮਾਣਿਆਂ ਤਾਈਂ ਤੇਰੀ ਮਿੱਠੀ ਬਾਣੀ।
ਧੰਨ ਧੰਨ ਗੁਰੁ ਅਮਰਦਾਸ ਜੀ ਤੇਰੀ ਅਮਰ ਕਹਾਣੀ।
ਦਿਲ ਦਾ ਮਹਿਰਮ ਕਿਤੇ ਨਾ ਮਿਲਿਆ ਕੀਤੀ ਭਾਲ ਬਥੇਰੀ,
ਇਧਰ ਉਧਰ ਭਟਕਦਿਆਂ ਹੀ ਹੋ ਗਈ ਸੀ ਉਮਰ ਵਡੇਰੀ,
ਸੱਚੇ ਮਾਰਗ ਪਾਵੇ ਜਿਹੜਾ ਨਾ ਮਿਲਿਆ ਉਹ ਪ੍ਰਾਣੀ।
ਧੰਨ ਧੰਨ.....................................।

ਇੱਕ ਦਿਨ ਬੀਬੀ ਅਮਰੋ ਘਰ ਦੀ ਕਾਰ ਪਈ ਸੀ ਕਰਦੀ,
ਕਰਦੀ ਕਰਦੀ ਕਾਰ ਸੀ ਬਾਣੀ ਗੁਰੂ ਨਾਨਕ ਦੀ ਪੜ੍ਹਦੀ,
ਆਵਾਜ਼ ਪਈ ਜਦ ਕੰਨੀ ਸੁਲਝਣ ਲੱਗੀ ਉਲਝੀ ਤਾਣੀ।
ਧੰਨ ਧੰਨ.....................................।

ਹੱਥ ਜੋੜ ਕੇ ਆਖਿਆ ਬੀਬਾ ਮੈਨੂੰ ਵੀ ਰਾਹੇ ਪਾ ਦੇ,
ਜਿਸ ਦੀ ਬਾਣੀ ਪੜ੍ਹਦੀ ਮੈਨੂੰ ਉਸਦੇ ਨਾਲ ਮਿਲਾ ਦੇ,
ਦੱਸ ਦੇਵੇ ਜੋ ਵਿਚ ਸ਼ਬਦ ਦੇ ਕਿੰਝ ਹੈ ਸੁਰਤ ਟਿਕਾਣੀ।
ਧੰਨ ਧੰਨ.....................................।

ਆਖਣ ਲੱਗੀ ਬੀਬੀ ਇਹ ਤਾਂ ਬਾਣੀ ਹੈ ਨਿਰੰਕਾਰੀ,
ਗੁਰੂ ਨਾਨਕ ਨੇ ਆਪ ਆਪਣੇ ਮੁੱਖ 'ਚੋਂ ਹੈ ਉਚਾਰੀ,
ਹਿਰਦੇ ਵਿਚ ਵਸਾ ਕੇ ਬਣਨਾ ਪੈਂਦਾ ਇਸ ਦਾ ਹਾਣੀ।
ਧੰਨ ਧੰਨ...................................।

ਆਪਣਾ ਸਾਥ ਬਣਾ ਕੇ ਬੀਬੀ ਖਡੂਰ ਸਾਹਿਬ ਲੈ ਆਈ,
ਦਰਸ਼ਨ ਕਰ ਗੁਰੂ ਅੰਗਦ ਦੇਵ ਦੇ ਹੋਣ ਲੱਗੀ ਰੁਸ਼ਨਾਈ,
ਵਿਚ ਪਲਾਂ ਦੇ ਹਰੀ ਹੋ ਗਈ ਸੁੱਕ ਗਈ ਸੀ ਜੋ ਟਾਹਣੀ।
ਧੰਨ ਧੰਨ.....................................।

ਤਨ ਮਨ ਹੋਇਆ ਨਿਹਾਲ ਜਦੋਂ ਸੀ ਸ਼ਾਖਸਾਤ ਗੁਰ ਡਿੱਠਾ,
ਮੁਲਾਕਾਤ ਪਲੇਠੀ ਪਰ ਸੀ ਅਸਰ ਹੋਇਆ ਬਹੁਤ ਮਿੱਠਾ,
ਇਸ ਅਸਰ ਦੇ ਕਾਰਣ ਢੋਇਆ ਗਾਗਰ ਭਰਕੇ ਪਾਣੀ।
ਧੰਨ ਧੰਨ.....................................।

ਲੇਖੇ ਦੇ ਵਿਚ ਲੱਗ ਗਈ ਸ਼ਰਧਾ ਦੇ ਨਾਲ ਸੇਵ ਕਮਾਈ,
ਇਸ ਸੇਵਾ ਦੇ ਸਦਕਾ ਬਖ਼ਸ਼ੀ ਗੁਰੂ ਅੰਗਦ ਦੇਵ ਗੁਰਿਆਈ,
'ਚੋਹਲੇ' ਕਹਿੰਦਾ ਸਿੱਖੀ ਪੈਂਦੀ ਸਿਦਕ ਦੇ ਸੰਗ ਨਿਭਾਣੀ।
ਧੰਨ ਧੰਨ ਗੁਰੂ ਅਮਰਦਾਸ ਜੀ ਤੇਰੀ ਅਮਰ ਕਹਾਣੀ।

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਲਾਸਾਨੀ ਸ਼ਹੀਦ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ,
ਬਾਬਾ ਜੁਝਾਰ ਸਿੰਘ ਜੀ (ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ) ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ,
ਭਾਈ ਸਾਹਿਬ ਸਿੰਘ ਜੀ ਅਤੇ ਗੁਰੂ ਕੇ ਸਮੂਹ ਲਾਲ ਪਿਆਰੇ ਸਮੂਹ ਲਾਸਾਨੀ ਸ਼ਹੀਦ ਸਿੰਘਾਂ ਦੀ ਪਵਿੱਤਰ ਯਾਦ ਵਿੱਚ

**ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਖੇ**

# ਅਖੰਡ ਕੀਰਤਨ ਸਮਾਗਮ

**ਮਿਤੀ 17 ਅਪ੍ਰੈਲ 2022 (ਦਿਨ ਐਤਵਾਰ)**

ਸਮਾਂ : ਅੰਮ੍ਰਿਤ ਵੇਲੇ 5.15 ਵਜੇ ਤੋਂ ਆਸਾ ਕੀ ਵਾਰ ਸਹਿਤ ਬਾਅਦ ਦੁਪਹਿਰ 2.00 ਵਜੇ ਤੱਕ

ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਦਰਸ਼ਨ ਦੇ ਕੇ ਕੀਰਤਨ ਸ੍ਰਵਣ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

ਇਹ ਸਮਾਗਮ ਹਰ ਮਹੀਨੇ ਦੇ ਤੀਸਰੇ ਐਤਵਾਰ ਨੂੰ ਹੁੰਦੇ ਹਨ ਜੀ।

ਗੁਰੂ ਸੰਗਤਾਂ ਦੇ ਦਾਸਰੇ

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਅਤੇ ਸਮੂਹ ਸਾਧ ਸੰਗਤ**

ਸੰਪਰਕ : 9988381739, 98726-33388, 93160-23874, 98889-51166

ਸਹਿਯੋਗ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਮੈਨੇਜਰ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ

## ਸਹਾਇਤਾ ਆਤਮ ਰੰਗ ਮਾਰਚ 2022 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਕੈਪਟਨ ਗੁਰਮੁਖ ਸਿੰਘ ਜੀ, ਜਲੰਧਰ | 10,000.00 |
| ◆ ਭਾਈ ਬਲਬੀਰ ਸਿੰਘ ਜੀ ਸੰਘੜ, ਖਰੜ | 5,100.00 |
| ◆ ਭਾਈ ਦਿਲਬਾਗ ਸਿੰਘ ਜੀ, ਲੁਧਿਆਣਾ/ਆਸਟ੍ਰੇਲਿਆ | 20,000.00 |
| ◆ ਅਖੰਡ ਕੀਰਤਨੀ ਜੱਥਾ, ਅਨੰਦਪੁਰ ਸਾਹਿਬ, ਅਨੰਦਪੁਰ ਸਾਹਿਬ ਸਮਾਗਮ ਸਮੇਂ | 5,100.00 |
| ◆ ਬੀਬੀ ਜਸਵਿੰਦਰ ਕੌਰ ਜੀ, ਚੰਡੀਗੜ੍ਹ, ਅਨੰਦਪੁਰ ਸਾਹਿਬ ਸਮਾਗਮ ਸਮੇਂ | 1,100.00 |
| ◆ ਭਾਈ ਦਿਲਜੀਤ ਸਿੰਘ ਜੀ, ਅਨੰਦਪੁਰ ਸਾਹਿਬ ਸਮਾਗਮ ਸਮੇਂ | 1,000.00 |
| ◆ ਅਸ਼ੋਕਾ ਕੋਪੀ ਹਾਉਸ, ਪੰਚਕੁਲਾ | 25,000.00 |
| **ਕੁਲ ਜੋੜ** | **77,300.00** |

## ਰਿਸ਼ਤੇ ਨਾਤੇ

241. Looking Amritdhari Gursikh girl for pure vegetarian & Amritdhari Priyadeep Singh, Executive in Airport Authority of India (ATC Deptt.) Delhi, Salary 75,000 per month, D.O.B. 08.08.1992, 5'6", B.Tech. E/C from GNDU. Contact : 98159 64001, 93162 76101.

242. Looking Amritdhari (Keski wali) Gursikh girl for Hardeep Singh of Phagwara City, D.O.B. 26.11.1994, Height 5'6" M.Tech (Civil) & Acu. Own business of Acupressure 7 Massage Therapy Center. Forty thousand per month income. No sibling. Contact: 98889 62816, 98886 62161

**ਨੋਟ:-** 1. ਇਹ ਰਿਸ਼ਤੇ ਸਿਰਫ ਕੇਸਕੀ-ਧਾਰੀ ਬੱਚਿਆਂ ਲਈ ਹੀ ਹਨ ਜੀ।
2. ਪੱਤਰ-ਵਿਹਾਰ ਲਈ ਸੀਰੀਅਲ ਨੰਬਰ ਅਤੇ ਮਹੀਨਾ ਨਾਲ ਦੇ ਕੇ ਕਾਰਵਾਈ ਕੀਤੀ ਜਾਵੇ ਜੀ।

## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ, ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

## ਕੇਦੰਰੀ ਸਾਲਾਨਾ ਅੰਖਡ ਕੀਰਤਨ ਸਮਾਗਮ

### ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ

12,13,14 ਅਤੇ 15 ਅਗਸਤ 2022

ਦਿਵਸ ਸੁਹੇਲਾ ਅਤੇ ਰੈਣ ਸਬਾਈ ਕੀਰਤਨ 14 ਅਗਸਤ ਐਤਵਾਰ 2022

# ਅਖੰਡ ਕੀਰਤਨ ਸਮਾਗਮ

ਬੀਬੀ ਹਰਬੰਸ ਕੌਰ ਜੀ ਸੁਪੱਤਨੀ ਗੁਰਪੁਰਵਾਸੀ ਭਾਈ ਦਰਸ਼ਨ ਸਿੰਘ ਜੀ ਭੱਟੀ, ਜੋ ਪਿਛਲੇ ਸਾਲ ਗੁਰੂ ਚਰਣਾਂ ਵਿੱਚ ਜਾ ਬਿਰਾਜੇ ਸਨ, ਉਨ੍ਹਾਂ ਦੀ ਪਹਿਲੀ ਸਾਲਾਨਾ ਮਿੱਠੀ ਤੇ ਨਿੱਘੀ ਯਾਦ ਪਰਿਵਾਰ ਵੱਲੋਂ 1 ਅਪ੍ਰੈਲ 2022 ਦਿਨ ਸ਼ੁਕਰਵਾਰ ਤੋਂ ਲੈ ਕੇ 3 ਅਪ੍ਰੈਲ 2022 ਦਿਨ ਐਤਵਾਰ ਤਕ ਮਨਾਈ ਜਾ ਰਹੀ ਹੈ। 1 ਅਪ੍ਰੈਲ ਦਿਨ ਸ਼ੁਕਰਵਾਰ ਨੂੰ ਕੀਰਤਨ ਆਸਾ ਜੀ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ, ਮਕਾਨ ਨੰ. 179, ਬਲਾਕ ਆਈ, ਸਰਾਭਾ ਨਗਰ, ਲੁਧਿਆਣਾ ਵਿਖੇ ਹੋਣਗੇ, ਜਿਨ੍ਹਾਂ ਦੇ ਭੋਗ ਮਿਤੀ 3 ਅਪ੍ਰੈਲ ਦਿਨ ਐਤਵਾਰ ਸਵੇਰੇ ਗ੍ਰਹਿ ਵਿਖੇ ਪੈਣਗੇ, ਉਸ ਤੋਂ ਬਾਅਦ ਦਿਵਸ ਸੁਹੇਲਾ ਕੀਰਤਨ ਸਮਾਗਮ ਸਵੇਰੇ 6.00 ਵਜੇ ਤੋਂ ਲੈ ਕੇ ਦੁਪਹਿਰ 2.00 ਵਜੇ ਤਕ ਗੁਰਦੁਆਰਾ ਗੁਰਮਤਿ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਸਾਹਿਬ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਹੋਣਗੇ। ਸੰਗਤਾਂ ਦਰਸ਼ਨ ਦੇ ਕੇ ਨਿਵਾਜੋ ਜੀ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



**ਦਾਸਰੇ - ਭੱਟੀ ਪਰਿਵਾਰ, ਲੁਧਿਆਣਾ**

**ਮੋਬਾਈਲ - 98151-56014**

## Statement of Income & Expenditure for the Month of March 2022 of *Atam Rang*

| | |
|---|---|
| 1. M/s Jai Offset Printers | 25,500.00 |
| 2. Cost of Service Stamps | 13,900.00 |
| 3. Cost of envelops & printing | 13,500.00 |
| 4. Cost of Stickers | 3,000.00 |
| 5. Previous balance | 1,15,982.00 |
| **Total Expenditure upto 31.03.2022** | **1,71,882.00** |
| Donation | 77,300.00 |
| Membership | 3,200.00 |
| Sale of Books at Anandpur Samagam | 4,260.00 |
| **Total Income** | **84,760.00** |
| **Expenditure** | **1,71,882.00** |
| **Income** | **84,760.00** |
| **Difference** | **87,122.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਅਪ੍ਰੈਲ |
| ਪੂਰਨਮਾਸ਼ੀ | 16 ਅਪ੍ਰੈਲ |
| ਮੱਸਿਆ | 1-30 ਅਪ੍ਰੈਲ |
| ਪੰਚਮੀ | 6 ਅਪ੍ਰੈਲ |
| **ਗੁਰਪੁਰਬ** | |
| ਵੈਸਾਖੀ ਤੇ ਸੰਮਤ ਖਾਲਸਾ 324 ਸ਼ੁਰੂ | 14 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਅਮਰਦਾਸ ਜੀ | 2 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ | 5 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 6 ਅਪ੍ਰੈਲ |
| ਜੋਤੀ ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 14 ਅਪ੍ਰੈਲ |
| ਗੁਰਗੱਦੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 14 ਅਪ੍ਰੈਲ |
| ਪ੍ਰਕਾਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 21 ਅਪ੍ਰੈਲ |
| ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ | 23 ਅਪ੍ਰੈਲ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*


AKHAND KIRTANI JATHA
ਅਖੰਡ ਕੀਰਤਨੀ ਜਥਾ
ਖਾਲਸਾ ਸਾਜਨਾ ਦਿਵਸ ਅਤੇ ਵੈਸਾਖੀ ੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ
ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ
ਵੈਸਾਖੀ ਅਖੰਡ ਕੀਰਤਨ ਸਮਾਗਮ ੨੦੨੨
੧੦ ਅਪ੍ਰੈਲ ੨੦੨੨ ਤੋਂ ੧੫ ਅਪ੍ਰੈਲ ੨੦੨੨
ਸੋਦਰ ਦੀਵਾਨ ੧੦ ਅਪ੍ਰੈਲ ਐਤਵਾਰ ਸ਼ਾਮ ੫:੦੦ ਵਜੇ ਤੋਂ ੯:੦੦ ਵਜੇ ਤੱਕ ਗੁ. ਪਿਪਲੀ ਸਾਹਿਬ ਜੀ ਵਿਖੇ
ਦਿਵਸ ਸੁਹੇਲਾ ੧੧ ਅਪ੍ਰੈਲ ਸੋਮਵਾਰ ਸਵੇਰੇ ੭:੦੦ ਵਜੇ ਤੋਂ ੧:੦੦ ਵਜੇ ਤੱਕ ਗੁ. ਅੰਗੀਠਾ ਸਾਹਿਬ ਜੀ ਵਿਖੇ
ਸੋਦਰ ਦੀਵਾਨ ੧੧ ਅਪ੍ਰੈਲ ਸੋਮਵਾਰ ਸ਼ਾਮ ੫:੧੫ ਵਜੇ ਤੋਂ ੮:੪੦ ਵਜੇ ਤੱਕ ਗੁ. ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਵਿਖੇ
ਦਿਵਸ ਸੁਹੇਲਾ ੧੨ ਅਪ੍ਰੈਲ ਮੰਗਲਵਾਰ ਸਵੇਰੇ ੭:੦੦ ਵਜੇ ਤੋਂ ੧:੦੦ ਵਜੇ ਤੱਕ ਗੁ. ਗੁਰੂ ਕੇ ਮਹਿਲ ਜੀ ਵਿਖੇ
ਸੋਦਰ ਦੀਵਾਨ ੧੨ ਅਪ੍ਰੈਲ ਮੰਗਲਵਾਰ ਸ਼ਾਮ ੫:੦੦ ਵਜੇ ਤੋਂ ੯:੦੦ ਵਜੇ ਤੱਕ ਸ੍ਰੀ ਅਕਾਲ ਤਖਤ ਸਾਹਿਬ ਜੀ ਵਿਖੇ
ਦਿਵਸ ਸੁਹੇਲਾ ੧੩ ਅਪ੍ਰੈਲ ਬੁਧਵਾਰ ਸਵੇਰੇ ੬:੦੦ ਵਜੇ ਤੋਂ ੧:੦੦ ਵਜੇ ਤੱਕ ਰੰਗਲੇ ਸੱਜਣ ਟ੍ਰਸੱਟ ਵਿਖੇ
ਸੋਦਰ ਦੀਵਾਨ ੧੩ ਅਪ੍ਰੈਲ ਬੁਧਵਾਰ ਸ਼ਾਮ ੫:੦੦ ਵਜੇ ਤੋਂ ੧੦:੦੦ ਵਜੇ ਤੱਕ ਗੁ. ਰਾਮਸਰ ਸਾਹਿਬ ਜੀ ਵਿਖੇ
ਦਿਵਸ ਸੁਹੇਲਾ ੧੪ ਅਪ੍ਰੈਲ ਵੀਰਵਾਰ ਸਵੇਰੇ ੬:੦੦ ਵਜੇ ਤੋਂ ੨:੦੦ ਵਜੇ ਤੱਕ ਗੁ. ਬਿਬੇਕਸਰ ਸਾਹਿਬ ਜੀ ਵਿਖੇ
ਰੈਣ ਸਬਾਈ ਕੀਰਤਨ
੧੪ ਅਪ੍ਰੈਲ ਵੀਰਵਾਰ ਸ਼ਾਮ ੭:੦੦ ਤੋ ੧੫ ਅਪ੍ਰੈਲ ਸਵੇਰੇ ੪:੦੦ ਵਜੇ ਤੱਕ ਗੁ. ਮੰਜੀ ਸਾਹਿਬ, ਦੀਵਾਨ ਹਾਲ
ਅੰਮ੍ਰਿਤ ਸੰਚਾਰ : ੧੪ ਅਪ੍ਰੈਲ ਸ਼ਾਮ ੬:੦੦ ਵਜੇ ਬਾਬਾ ਸੇਵਾ ਸਿੰਘ ਜੀ ਹਾਲ
ਅੰਮ੍ਰਿਤਵੇਲਾ : ਰੋਜਾਨਾ ੧੨:੦੦ ਵਜੇ ਤੋਂ ਬਾਬਾ ਸੇਵਾ ਸਿੰਘ ਜੀ ਹਾਲ
ਵਧੇਰੇ ਜਾਣਕਾਰੀ ਲਈ
98152 70871, 98880 20806, 7986979969, 80540 14114, 93166-10166, 84277 57082
ਸ਼੍ਰੋ. ਗੁ. ਪ੍ਰਬੰਧਕ ਕਮੇਟੀ ਅਤੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਦੇ ਸਹਿਯੋਗ ਨਾਲ
ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ
AKJ.ORG LIVE

# ☬ ਅਖੰਡ ਕੀਰਤਨ ਸਮਾਗਮ ☬
# ਕੀਰਤਨ ਰੈਣ ਸਬਾਈ

**ਸ੍ਰੀ ਗੁਰਦੁਆਰਾ ਸਾਹਿਬ ਤੰਬੂ ਸਾਹਿਬ, ਸ੍ਰੀ ਮੁਕਤਸਰ ਸਾਹਿਬ ਵਿਖੇ ਕੀਰਤਨ ਰੈਣ ਸਬਾਈ ਮਿਤੀ 07-05-2022 ਦਿਨ ਸ਼ਨੀਵਾਰ ਨੂੰ ਰਾਤ 8 ਵਜੇ ਤੋਂ 08-05-2022 ਸਵੇਰੇ ਤੱਕ ਅਖੰਡ ਕੀਰਤਨ ਸਮਾਗਮ ਹੋਵੇਗਾ**

ਦਸ ਗੁਰੂ ਸਾਹਿਬਨ ਦੇ ਇਸ ਸੰਸਾਰ ਤੇ ਆਗਮਨ ਦਾ ਅੰਤਮ ਉਦੇਸ਼ ਸਮੁੱਚੀ ਲੋਕਾਈ ਅਤੇ ਵਿਸ਼ਵ ਭਾਈਚਾਰੇ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਉਣਾ ਸੀ । ਸਾਹਿਬ-ਏ-ਕਮਾਲ ਸੰਤ-ਸਿਪਾਹੀ, ਸਰਬੰਸਦਾਨੀ, ਦੁਸ਼ਟ-ਦਮਨ, ਅਕਾਲੀ ਫੌਜਾਂ ਦੇ ਮਾਲਕ ਨੀਲੇ ਦੇ ਸ਼ਾਹ ਸਵਾਰ ਚੋਜੀ ਖੜਗੇਸ਼ ਪੁਰਖ ਭਗਵੰਤ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਸੇ ਉਦੇਸ਼ ਦੀ ਪੂਰਤੀ ਲਈ ਉਸ ਸਮੇਂ ਦੀ ਜਾਲਮ ਹਕੂਮਤ ਮੁਗਲੀਆਂ ਸਲਤਨਤ ਦੀਆਂ ਜੜ੍ਹਾਂ ਪੁੱਟ ਦਿੱਤੀਆਂ ।

ਪੁਰਾਤਨ ਅਤੇ ਵਰਤਮਾਨ ਸ਼ਹੀਦ ਸਿੰਘਾਂ ਸਿੰਘਣੀਆਂ ਅਤੇ 40 ਮੁਕਤਿਆਂ (1) ਭਾਈ ਸ਼ਮੀਰ ਸਿੰਘ (2) ਭਾਈ ਸਰਜਾ ਸਿੰਘ (3) ਭਾ: ਸਾਧੂ ਸਿੰਘ (4) ਭਾ: ਸੁਹੇਲ ਸਿੰਘ (5) ਭਾ: ਸੁਲਤਾਨ ਸਿੰਘ (6) ਭਾ: ਸੋਭਾ ਸਿੰਘ (7) ਭਾ: ਸੰਤ ਸਿੰਘ (8) ਭਾ: ਹਰਸਾ ਸਿੰਘ (9) ਭਾ: ਹਰੀ ਸਿੰਘ (10) ਭਾ: ਕਰਨ ਸਿੰਘ (11) ਭਾ: ਕਰਮ ਸਿੰਘ (12) ਭਾ: ਕਾਲਾ ਸਿੰਘ (13) ਭਾ : ਕੀਰਤ ਸਿੰਘ (14) ਭਾ: ਕਿਰਪਾਲ ਸਿੰਘ (15) ਭਾ: ਖੁਸ਼ਹਾਲ ਸਿੰਘ (16) ਭਾ: ਗੁਲਾਬ ਸਿੰਘ (17) ਭਾ: ਗੰਗਾ ਸਿੰਘ (18) ਭਾ: ਗੰਡਾ ਸਿੰਘ (19) ਭਾ: ਘਰਬਾਰਾ ਸਿੰਘ (20) ਭਾ: ਚੰਬਾ ਸਿੰਘ (21) ਭਾ: ਜਾਦੋ ਸਿੰਘ (22) ਭਾ: ਜੋਗਾ ਸਿੰਘ (23) ਭਾ: ਜੰਗ ਸਿੰਘ (24) ਭਾ: ਦਯਾਲ ਸਿੰਘ (25) ਭਾ: ਦਿਲਬਾਗ ਸਿੰਘ (26) ਭਾ: ਦਰਬਾਰਾ ਸਿੰਘ (27) ਭਾ: ਧਰਮ ਸਿੰਘ (28) ਭਾ: ਧੰਨਾ ਸਿੰਘ (29) ਭਾ: ਨਿਹਾਲ ਸਿੰਘ (30) ਭਾ: ਨਿਧਾਨ ਸਿੰਘ (31) ਭਾ: ਬੂੜ ਸਿੰਘ (32) ਭਾ: ਭਾਗ (33) ਭਾ: ਭੋਲਾ ਸਿੰਘ (34) ਭਾ: ਭੰਗਾ ਸਿੰਘ (35) ਭਾ: ਮਹਾਂ ਸਿੰਘ ਜੱਥੇਦਾਰ (36) ਭਾ: ਮੱਜਾ ਸਿੰਘ (37) ਭਾ: ਮਾਨ ਸਿੰਘ (38) ਭਾ: ਮੈਯਾ ਸਿੰਘ (39) ਭਾ: ਰਾਇ ਸਿੰਘ (40) ਭਾ: ਲਛਮਣ ਸਿੰਘ ਜੀ ਅਤੇ ਧੰਨ ਧੰਨ ਮਾਤਾ ਭਾਗ ਕੌਰ ਜੀ ਦੀ ਅਗਵਾਈ ਹੇਠ ਕੀਤੀ ਕੁਰਬਾਨੀ ਦੀ ਯਾਦ ਵਿੱਚ ਬਾਹਰੋ ਆ ਰਹੇ ਜਿਸ ਵਿੱਚ ਸੱਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਅਤੇ ਹਜੂਰੀ ਰਾਗੀ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਪੁੱਜ ਕੇ ਅਖੰਡ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । ਅਖੰਡ ਕੀਰਤਨੀ ਜੱਥਿਆਂ ਵੱਲੋਂ ਮਿਤੀ 07-05-2022 ਸ੍ਰੀ ਗੁਰਦੁਆਰਾ ਤੰਬੂ ਸਾਹਿਬ ਵਿਖੇ ਸ਼ਾਮ ਦੇ 8 ਵਜੇ ਤੋਂ ਮਿਤੀ 08-05-2022 ਸਵੇਰ ਤੱਕ ਅਖੰਡ ਕੀਰਤਨ ਸਮਾਗਮ ਸਮਾਪਤ ਹੋਣਗੇ । ਦੋਇ ਕਰ ਜੋੜ ਬੇਨਤੀ ਹੈ ਕਿ ਸਮਾਗਮ ਦੀਆਂ ਹਾਜ਼ਰੀਆਂ ਭਰਕੇ ਆਪਣਾ ਜਨਮ ਸਫਲਾ ਕਰੋ ਜੀ ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ ।**

**ਸਹਿਯੋਗੀ ਧਾਰਮਿਕ ਸੰਸਥਾਵਾਂ :- ਸਮੂਹ ਸ੍ਰੀ ਸੁਖਮਨੀ ਸਾਹਿਬ ਸੁਸਾਇਟੀਆਂ, ਜੱਥਾ ਬਾਬਾ ਬਿਧੀ ਚੰਦ ਜੀ ਛਾਉਣੀ**

ਜੱਥੇਬੰਦੀ ਨਿਹੰਗ ਸਿੰਘ ਗੁਰਦੁਆਰਾ ਸ੍ਰੀ ਖੂਹ ਸਾਹਿਬ, ਸ੍ਰੀ ਮੁਕਤਸਰ ਸਾਹਿਬ ਸਿੱਖ ਵਿਰਸਾ ਸੰਭਾਲ ਸੰਸਥਾ ਸ੍ਰੀ ਮੁਕਤਸਰ ਸਾਹਿਬ ਭਾਈ ਨਿਧਾਨ ਸਿੰਘ ਜੀ ਮੋ: 94171-76032 ਮੋਗੇ ਵਾਲੇ

ਪੁੱਛ ਗਿੱਛ :- ਭਾਈ ਮਹਿੰਦਰ ਸਿੰਘ, ਮੁੱਖ ਸੇਵਾਦਾਰ ਮਾਲਵਾ ਜੋਨ, ਰੀਟਾ: ਸਪੋਰਟਸ ਅਫਸਰ (ਐਨ.ਐਫ.ਸੀ.)
ਗਲੀ ਨੰ: 22, ਗੋਨਿਆਣਾ ਰੋਡ, ਸ੍ਰੀ ਮੁਕਤਸਰ ਸਾਹਿਬ ਫੋਨ : 94636-47265
ਰਜਿੰਦਰ ਸਿੰਘ ਰਾਣਾ ਮੋ: 98552-23498
ਭਾਈ ਹਰਚਰਨ ਸਿੰਘ ਅਸੈਸਟੈਂਟ Admin BRO ਸ੍ਰੀ ਮੁਕਤਸਰ ਸਾਹਿਬ 94649-56675
ਹੈੱਡ ਗ੍ਰੰਥੀ ਸਿੰਘ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਟੁੱਟੀ ਗੰਢੀ ਸਾਹਿਬ

ਸੰਗਤਾਂ ਦਾ ਦਾਸ :- ਇੰਟਰਨੈਸ਼ਨਲ ਅਖੰਡ ਕੀਰਤਨੀ ਜੱਥਾ
ਸ੍ਰੀ ਮੁਕਤਸਰ ਸਾਹਿਬ

ਦਾਸ : ਮੈਨੇਜਰ ਸ੍ਰੀ ਦਰਬਾਰ ਸਾਹਿਬ
ਸ੍ਰੀ ਮੁਕਤਸਰ ਸਾਹਿਬ

ਪਾਤਿਸ਼ਾਹੀ ਦਸਵੀਂ

# ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ

## ਸ੍ਰੀ ਮਾਛੀਵਾੜਾ ਵਿਖੇ

**ਮਿਤੀ 07 ਮਈ 2022 (ਸਨਿੱਚਰਵਾਰ) ਦੀ ਰਾਤ ਨੂੰ**

# ਸਾਲਾਨਾ ਕੀਰਤਨ ਰੈਣਿ ਸਬਾਈ

ਆਪ ਜੀ ਸਰਬਤ ਗੁਰੂ ਕੇ ਲਾਲ ਕੀਰਤਨੀ ਵੀਰਾਂ, ਭੈਣਾਂ ਅਤੇ ਸਰਬਤ ਸੰਗਤਾਂ ਦੇ ਚਰਨਾਂ ਵਿੱਚ ਦੋਇ ਕਰ ਜੋੜ ਸਨਿਮਰ ਜੋਦੜੀ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਨੂੰ ਛੱਡਣ ਉਪਰੰਤ ਬਹੁਤ ਹੀ ਬਿੱਖੜੇ ਪੈਂਡਿਆਂ ਰਾਹੀਂ ਆਪ ਜੀ ਦੇ ਦਰਸ਼ਨਾਂ ਨੂੰ ਤਰਸਦੀਆਂ ਪਵਿੱਤਰ ਰੂਹਾਂ ਨੂੰ ਤਾਰਦੇ ਹੋਏ ਮਾਛੀਵਾੜਾ ਵਿਖੇ ਇੱਥੇ ਸਥਿਤ ਬਾਗ ਵਿੱਚ ਪਹੁੰਚੇ ਇਸ ਅਸਥਾਨ ਤੇ ਟਿੰਡ ਦਾ ਸਰਹਾਣਾ ਲੈ ਕੇ ਕੁਝ ਸਮੇਂ ਲਈ ਆਰਾਮ ਕੀਤਾ ਤੇ ਇੱਥੇ ਹੀ ਇਹ ਪਵਿੱਤਰ ਸ਼ਬਦ "ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ" ਉਚਾਰਿਆ। ਗੁਰੂ ਸਾਹਿਬ ਜੀ ਦੇ ਪਵਿੱਤਰ ਚਰਨਾਂ ਛੋਹੀ ਧਰਤੀ, ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੀ ਪਵਿੱਤਰ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਸਾਲਾਨਾ ਕੀਰਤਨ ਰੈਣਿ ਸਬਾਈ ਸੋਦਰੁ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਸ਼ਾਮ 7.30 ਵਜੇ ਸ਼ੁਰੂ ਹੋਣਗੇ, ਜਿਹਨਾਂ ਦਾ ਸੰਪੂਰਨ ਭੋਗ ਐਤਵਾਰ ਸਵੇਰੇ 4.00 ਵਜੇ ਪਵੇਗਾ ਜੀ।

ਆਉ ਜੀ, ਆਪਣੇ ਪਰਿਵਾਰਾਂ ਅਤੇ ਸੰਗੀ ਸਾਥੀਆਂ ਸਹਿਤ ਗੁਰਬਾਣੀ ਕੀਰਤਨ ਦੇ ਇਲਾਹੀ ਰਸ ਭੁੰਚਣ ਵਾਸਤੇ ਦੀਦਾਰ ਬਖਸ਼ੋ ਜੀ।

**ਸੰਗਤਾਂ ਦੀ ਚਰਨ ਧੂੜ ਲੋਚਦੇ ਆਪ ਜੀ ਨੇ ਦੀਦਾਰਾਂ ਦੀ ਤਾਂਘ ਅੰਦਰ**

**ਦਾਸਰੇ :- ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ**

**ਸੰਪਰਕ : 9988381739 98726-33388 93160-23874 98889-51166**

ਸਹਿਯੋਗੀ : ਸਮੂਹ ਅਖੰਡ ਕੀਰਤਨੀ ਜੱਥੇ ਅਤੇ
ਮੈਨੇਜਰ ਗੁਰਦੁਆਰਾ ਸ੍ਰੀ ਚਰਨਕੰਵਲ ਸਾਹਿਬ, ਦਰਬਾਰ ਸਾਹਿਬ ਮਾਛੀਵਾੜਾ ਸਾਹਿਬ

ਮੈਜਸਟਿਕ ਪ੍ਰਿੰਟਿੰਗ ਪ੍ਰੈਸ, ਬੇ-ਸ਼ਾਪ 7, ਫੇਜ਼ 7, ਮੋਹਾਲੀ। ਫੋਨ : 0172-5090645-646

## ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ

ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀਉ ਅਤੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਉ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ

# ਅਖੰਡ ਕੀਰਤਨ ਸਮਾਗਮ

## ਮਿਤੀ 20-04-2022 ਤੋਂ 24-04-2022 ਤੱਕ

## ਸਟੇਟ ਗੁਰਦੁਆਰਾ ਸਾਹਿਬ, ਕਪੂਰਥਲਾ ਵਿਖੇ

| | |
|---|---|
| 20 ਅਪ੍ਰੈਲ 2022<br>ਦਿਨ ਬੁੱਧਵਾਰ | ਸੋਦਰੁ ਉਪਰੰਤ ਅਖੰਡ ਕੀਰਤਨ ਸਮਾਗਮ ਸ਼ਾਮ 7:00 ਤੋਂ 9:00 ਵਜੇ ਤੱਕ<br>ਗੁਰਦੁਆਰਾ ਸਾਹਿਬ ਅੰਮ੍ਰਿਤ ਬਜ਼ਾਰ, ਕਪੂਰਥਲਾ ਵਿਖੇ। |
| 21 ਅਪ੍ਰੈਲ 2022<br>ਦਿਨ ਵੀਰਵਾਰ | ਸੋਦਰੁ ਉਪਰੰਤ ਅਖੰਡ ਕੀਰਤਨ ਸਮਾਗਮ ਸ਼ਾਮ 7:00 ਤੋਂ 9:00 ਵਜੇ ਤੱਕ<br>ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਕੋਚ ਫੈਕਟਰੀ ਵਿਖੇ। |
| 22 ਅਪ੍ਰੈਲ 2022<br>ਦਿਨ ਸ਼ੁੱਕਰਵਾਰ | ਸੋਦਰੁ ਉਪਰੰਤ ਅਖੰਡ ਕੀਰਤਨ ਸਮਾਗਮ ਸ਼ਾਮ 7:00 ਤੋਂ 9:00 ਵਜੇ ਤੱਕ<br>ਗੁਰਦੁਆਰਾ ਹੋਤੀ ਮਰਦਾਨ, ਅਜੀਤ ਨਗਰ, ਕਪੂਰਥਲਾ ਵਿਖੇ। |
| 23 ਅਪ੍ਰੈਲ 2022 ਤੋਂ<br>24 ਅਪ੍ਰੈਲ 2022 ਤੱਕ | ਅੰਮ੍ਰਿਤ ਵੇਲਾ/ਨਿਤਨੇਮ ਅਤੇ ਸ੍ਰੀ ਆਸਾ ਦੀ ਵਾਰ, ਕੀਰਤਨ ਦੁਪਹਿਰ 1:00 ਵਜੇ ਤੱਕ<br>ਸਟੇਟ ਗੁਰਦੁਆਰਾ ਸਾਹਿਬ, ਕਪੂਰਥਲਾ ਵਿਖੇ।<br>ਸੋਦਰੁ ਉਪਰੰਤ ਆਰੰਭ ਰੈਣ ਸਬਾਈ ਕੀਰਤਨ ਸ਼ਾਮ 7:00 ਤੋਂ ਸਵੇਰੇ 4:00 ਵਜੇ ਤੱਕ<br>ਸਟੇਟ ਗੁਰਦੁਆਰਾ ਸਾਹਿਬ, ਕਪੂਰਥਲਾ ਵਿਖੇ। |

# ਅੰਮ੍ਰਿਤ ਸੰਚਾਰ ਸਮਾਗਮ

ਸਟੇਟ ਗੁਰਦੁਆਰਾ ਸਾਹਿਬ ਵਿਖੇ ਮਿਤੀ 23 ਅਪ੍ਰੈਲ 2022 ਸਵੇਰੇ 10:00 ਵਜੇ ਆਰੰਭ ਹੋਣਗੇ।

ਨੋਟ : 23 ਅਪ੍ਰੈਲ ਦੇ ਦਿਨ ਅਤੇ ਰਾਤ ਦੇ ਕੀਰਤਨ ਸਮਾਗਮ www.akj.org ਤੇ ਸਿੱਧੇ ਪ੍ਰਸਾਰਣ ਕੀਤੇ ਜਾਣਗੇ।

## ਸਹਿਯੋਗੀ : ਮੈਨੇਜਰ/ਹੈੱਡ ਗ੍ਰੰਥੀ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ, ਸਟੇਟ ਗੁਰਦੁਆਰਾ ਸਾਹਿਬ, ਕਪੂਰਥਲਾ

ਮੋਬਾ. : 72260-05876, 98550-79557, 99887-66755

# ਵਿਸ਼ੇਸ਼ ਅਖੰਡ ਕੀਰਤਨ ਸਮਾਗਮ

**ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ ਵਾਲਿਆਂ ਦੀ ਯਾਦ ਵਿੱਚ**

ਮਿੱਤੀ 16-04-2022 ਨੂੰ ਸੋਦਰ ਉਪਰੰਤ ਕੀਰਤਨ ਰਾਤ 11 ਵਜੇ ਤੱਕ ਗੁਰੂਦਆਰਾ ਸਾਹਿਬ ਪ:10ਵੀਂ ਨਾਢਾ ਸਾਹਿਬ (ਪੰਚਕੁਲਾ) ਵਿੱਖੇ ਹੋਣਗੇ। ਸੰਗਤਾ ਵੱਧ ਤੋਂ ਵੱਧ ਹਾਜਰੀਆਂ ਭਰ ਕੇ ਲਾਹਾ ਪ੍ਰਾਪਤ ਕਰਨ ਜੀ



ਸਹਿਯੋਗੀ:
ਮੈਨੇਜਰ / ਹੈਡ ਗ੍ਰੰਥੀ / ਪ੍ਰਬੰਧਕ ਕਮੇਟੀ
ਗੁਰੂਦਆਰਾ ਸਾਹਿਬ ਪ:10 ਵੀਂ
ਨਾਢਾ ਸਾਹਿਬ.

**Live telecast at akj.org**

**ਦਾਸਰੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ**

**98143-00245, 75289-00045, 98153-01010, 99888-02622, 99888-04622**




ਡਾ. ਜਸਵਿੰਦਰ ਕੌਰ ਢਿੱਲੋਂ ਰਿਸਰਚ ਸਕਾਲਰ ਵੱਲੋਂ 'ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਗੁਰਮਤਿ ਚਿੰਤਨ – ਸਿਧਾਂਤਿਕ ਤੇ ਇਤਿਹਾਸਿਕ ਪਰਿਪੇਖ' ਵਿਸ਼ੇ ਤੇ ਲਿਖੇ ਪੀ.ਐਚ.ਡੀ. ਥੀਸਸ ਦੀ ਪੁਸਤਕ ਨੂੰ 7 ਮਾਰਚ 2022 ਨੂੰ 'ਵਰਲਡ ਪੰਜਾਬੀ ਸੈਂਟਰ, ਪੰਜਾਬੀ ਯੂਨੀਵਰਸਿਟੀ ਪਟਿਆਲਾ' ਵਿਖੇ ਰਿਲੀਜ ਕੀਤਾ ਗਿਆ। ਇਸ ਮੌਕੇ ਤੇ ਅਕਾਲ ਤਖਤ ਦੇ ਸਾਬਕਾ ਜੱਥੇਦਾਰ ਭਾਈ ਮਨਜੀਤ ਸਿੰਘ ਜੀ, ਹਰਿਦਰਸ਼ਨ ਮੈਮੋਰਿਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਇੰਡੀਅਨ ਚੈਪਟਰ ਦੇ ਕੋਡਿਨੇਟਰ ਭਾਈ ਉਜਾਗਰ ਸਿੰਘ ਜੀ, ਗੁਰਮਤਿ ਕਾਲੇਜ ਪਟਿਆਲਾ ਦੇ ਪ੍ਰਿੰਸੀਪਲ ਡਾ. ਜਸਬੀਰ ਕੌਰ ਜੀ, ਸਾਬਕਾ ਚੇਅਰਮੈਨ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਡਾ. ਕੇਹਰ ਸਿੰਘ ਜੀ, ਭਾਈ ਨਿਧੱੜਕ ਸਿੰਘ ਬਰਾੜ ਜੀ, ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਜੀ, ਆਤਮ ਰੰਗ ਮੈਗਜੀਨ ਦੇ ਮੁੱਖ ਸੰਪਾਦਕ ਭਾਈ ਮਨਪ੍ਰੀਤ ਸਿੰਘ ਜੀ ਤੇ ਸਾਬਕਾ ਐਸ.ਜੀ.ਪੀ.ਸੀ. ਮੈਂਬਰ, ਚੰਡੀਗੜ੍ਹ ਭਾਈ ਅਮਰਿੰਦਰ ਸਿੰਘ ਜੀ ਹਾਜਿਰ ਸਨ।

# ਠਾਕੁਰ ਗਾਈਐ ਆਤਮ ਰੰਗਿ



ਖਾਲਸਾ ਪੰਥ ਦੇ 300 ਸੌ ਸਾਲਾ ਸਿਰਜਨਾ ਦਿਵਸ ਦੇ ਮੌਕੇ ਤੇ 14 ਅਪ੍ਰੈਲ 1999 ਨੂੰ ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ, ਅਖੰਡ ਕੀਰਤਨੀ ਜੱਥਾ ਇੰਟਰਨੈਸ਼ਨਲ (ਰਜਿ.) ਪ੍ਰਬੰਧਕੀ ਪੰਚਾਇਣ ਵੱਲੋਂ ਆਤਮ ਰੰਗ ਰਸਾਲਾ ਜਾਰੀ ਕੀਤਾ ਗਿਆ। ਇਹ ਰਸਾਲਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀਆਂ ਨੇ ਜਾਰੀ ਕੀਤਾ। ਫੋਟੋ ਵਿੱਚ ਖੱਬੇ ਤੋਂ ਭਾਈ ਕੁਲਵੰਤ ਸਿੰਘ ਜੀ, ਕਾਕੀ ਪਿੰਡ, ਗੁਰਪੁਰਵਾਸੀ ਭਾਈ ਮੇਹਰ ਸਿੰਘ ਜੀ ਦਿੱਲੀ, ਗੁਰਪੁਰਵਾਸੀ ਭਾਈ ਹਰਚਰਣ ਸਿੰਘ ਜੀ, ਚੰਡੀਗੜ੍ਹ, ਗੁਰਪੁਰਵਾਸੀ ਡਾ. ਬੇਅੰਤ ਸਿੰਘ ਜੀ, ਦਿੱਲੀ, ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ, ਪਟਿਆਲਾ, ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ ਨੇ ਜਾਰੀ ਕੀਤਾ। ਅੱਜ ਇਸ ਰਸਾਲੇ ਨੂੰ ਚਲਦੀਆਂ 23 ਸਾਲ ਪੂਰੇ ਹੋ ਗਏ ਹਨ। ਇਹ ਰਸਾਲਾ ਪਿਛਲੇ 23 ਸਾਲਾਂ ਤੋਂ ਨਿਰੰਤਰ ਅਖੰਡ ਕੀਰਤਨੀ ਜੱਥਾ ਤੇ ਪੰਥ ਦੀ ਸੇਵਾ ਕਰ ਰਿਹਾ ਹੈ ਅਤੇ ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਦਰਸਾਏ ਮਾਰਗ ਤੇ ਚਲਦਾ ਹੋਇਆ, ਅਖੰਡ ਕੀਰਤਨੀ ਜੱਥੇ ਨੂੰ ਚੜ੍ਹਦੀ ਕਲਾ ਵਿੱਚ ਲੈ ਜਾਣ ਲਈ ਕਾਰਜਸ਼ੀਲ ਹੈ ਤੇ ਸੰਗਤਾਂ ਵੱਲੋਂ ਇਸ ਰਸਾਲੇ ਨੂੰ ਭਰਪੂਰ ਸਹਿਯੋਗ ਮਿਲ ਰਿਹਾ ਹੈ।

ਅਧਾਰਾ ਆਤਮ ਰੰਗ ਇਸ ਰਸਾਲੇ ਦੇ ਸਾਰੇ ਲੇਖਕਾਂ ਦਾ ਧੰਨਵਾਦ ਕਰਦਾ ਹੈ ਤੇ ਪਾਠਕਾਂ ਨੂੰ ਇਹ ਆਸ਼ਵਾਸਨ ਦਿੰਦਾ ਹੈ ਕਿ ਭਵਿੱਖ ਵਿੱਚ ਉਨ੍ਹਾਂ ਦੀਆਂ ਭਾਵਨਾਵਾਂ ਤੇ ਖਰਾ ਉਤਰਨ ਦਾ ਉਪਰਾਲਾ ਕਰਦਾ ਰਹੇਗਾ।

- ਮੁੱਖ ਸੰਪਾਦਕ

# ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥















ਹੋਲੇ ਮਹੱਲੇ ਤੇ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 16.03.2022 ਤੋਂ ਲੈ ਕੇ 19.03.2022 ਸਵੇਰ ਤਕ ਅਖੰਡ ਕੀਰਤਨੀ ਜੱਥਾ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ੍ਹ ਸਾਹਿਬ ਰੋੜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Registered with the Registrar
of News Papers of India
Regd. No. R-70727/99

# ATAM RANG
April- 2022

Postal Regd. No.
CHDG/0025/2021-23

## ਢਾਡੀ ਗੁਣ ਗਾਵੈ ਨਿਤੁ ਜਨਮ ਸਵਾਰਿਆ ॥













ਹੋਲੇ ਮਹੱਲੇ ਤੇ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 16.03.2022 ਤੋਂ ਲੈ ਕੇ 19.03.2022 ਸਵੇਰ ਤਕ ਅਖੰਡ ਕੀਰਤਨੀ ਜੱਥਾ, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ੍ਹ ਸਾਹਿਬ ਰੋੜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।